# 2024 ਕੀਟਨਾਸ਼ਕ ਸੰਬੰਧੀ ਸੁਰੱਖਿਆ ਬਾਰੇ ਕਿਤਾਬਚਾ

## ਉਤਪਾਦਕਾਂ ਅਤੇ ਇਸਤੇਮਾਲ ਕਰਨ ਵਾਲਿਆਂ ਲਈ ਇੱਕ ਰੈਫਰੈਂਸ



SAN JOAQUIN COUNTY

*Greatness grows here.*

# San Joaquin ਕਾਉਂਟੀ
# ਕੀਟਨਾਸ਼ਕ ਸੰਬੰਧੀ ਸੁਰੱਖਿਆ ਬਾਰੇ ਕਿਤਾਬਚਾ
# ਉਤਪਾਦਕਾਂ ਅਤੇ ਇਸਤੇਮਾਲ ਕਰਨ ਵਾਲਿਆਂ ਲਈ ਰੈਫਰੈਂਸ

## ਵਿਸ਼ਾ-ਸੂਚੀ

**ਚੈਪਟਰ**


**1** **ਸੰਪਰਕ ਅਤੇ ਦਫ਼ਤਰ ਦੇ ਸਥਾਨ**

**2** **ਕੀਟਨਾਸ਼ਕ ਸੰਭਾਲਣ ਵਾਲੇ ਦੀ ਸੁਰੱਖਿਆ**

**3** **ਖੇਤ ਵਿੱਚ ਕੰਮ ਕਰਨ ਵਾਲੇ ਦੀ ਸੁਰੱਖਿਆ**

**4** **ਖ਼ਤਰੇ ਦਾ ਸੰਚਾਰ**

**5** **ਵਾਤਾਵਰਣਕ ਸੁਰੱਖਿਆ**

**6** **ਕੰਟੇਨਰ ਨੂੰ ਸੋਟਰ ਕਰਨਾ, ਹੰਘਾਲਣਾ ਅਤੇ ਨਿਪਟਾਰਾ ਕਰਨਾ**

**7** **ਕੀਟਨਾਸ਼ਕ ਦੀ ਵਰਤੋਂ ਦੀ ਰਿਪੋਰਟ ਕਰਨਾ ਅਤੇ ਰਿਕਾਰਡ ਰੱਖਣੇ**

**8** **ਪ੍ਰਤਿਬੰਧਿਤ ਸਮੱਗਰੀ ਦੇ ਪਰਮਿਟ ਅਤੇ ਆਪਰੇਟਰ ਪਛਾਣ ਨੰਬਰ**

**9** **ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ: ਇਸਤੇਮਾਲ ਦੀ ਜਾਂਚ-ਸੂਚੀ**

**10** **ਲਾਗੂਕਰਨ ਪ੍ਰਤਿਕਿਰਿਆ ਸੰਬੰਧੀ ਵਿਨਿਯਮ**

# San Joaquin ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦਾ ਦਫ਼ਤਰ
# ਸੰਪਰਕ ਕਰਨ ਲਈ ਜਾਣਕਾਰੀ
# ਦਫ਼ਤਰ ਦੇ ਸਥਾਨ
# ਕੰਮਕਾਜ ਦਾ ਸਮਾਂ

## ਮੁੱਖ ਦਫ਼ਤਰ

ਸਟਾਕਟਨ: ਪਤਾ: 2101 E. Earhart Ave., Suite 100 Stockton, CA 95206

ਫ਼ੋਨ: (209)953-6000
ਫੈਕਸ: (209)953-6022
ਈਮੇਲ: stocktonag2@sjgov.org

ਦਫ਼ਤਰ ਦਾ ਸਮਾਂ: ਸਵੇਰੇ 8 ਤੋਂ ਸ਼ਾਮ 5 ਵਜੇ

## ਬ੍ਰਾਂਚ ਦਫ਼ਤਰ

ਲੋਡੀ: ਪਤਾ: 10 W. Locust Ave
Lodi, CA 95240

ਫ਼ੋਨ: (209)331-7287
ਫੈਕਸ: (209)331-7288

ਦਫ਼ਤਰ ਦਾ ਸਮਾਂ: ਸਵੇਰੇ 10 ਤੋਂ ਦੁਪਹਿਰ 12:00 ਵਜੇ

***San Joaquin ਕਾਉਂਟੀ ਐਗਰੀਕਲਚਰਲ ਕਮਿਸ਼ਨਰ ਲਈ ਵੈੱਬਸਾਈਟ***
https://www.sjgov.org/department/agcomm/

## ਕੀਟਨਾਸ਼ਕ ਸੰਭਾਲਣ ਵਾਲੇ ਦੀ ਸੁਰੱਖਿਆ

ਕੀਟਨਾਸ਼ਕ ਭੋਜਨ, ਫਾਈਬਰ ਅਤੇ ਸਜਾਵਟੀ ਫਸਲਾਂ ਦੇ ਉਤਪਾਦਨ ਲਈ ਮਹੱਤਵਪੂਰਨ ਸਾਧਨ ਹਨ। ਕੀਟਨਾਸ਼ਕਾਂ ਨੂੰ ਸੰਭਾਲਣ ਅਤੇ ਉਨ੍ਹਾਂ ਦਾ ਇਸਤੇਮਾਲ ਕਰਨ ਵੇਲੇ ਕਰਮਚਾਰੀਆਂ, ਉਤਪਾਦਕਾਂ (ਜਾਇਦਾਦ ਦੇ ਸੰਚਾਲਕਾਂ) ਅਤੇ ਜਨਤਾ ਦੀ ਰੱਖਿਆ ਕਰਨ ਲਈ ਸੰਘੀ ਅਤੇ ਰਾਜ ਦੇ ਕੀਟਨਾਸ਼ਕ ਕਾਨੂੰਨ ਸਥਾਪਿਤ ਹਨ। ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਪੈਸਟੀਸਾਇਡ ਰੈਗੂਲੇਸ਼ਨ (DPR) ਅਤੇ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਕੈਲੀਫੋਰਨੀਆ ਦੇ ਕੀਟਨਾਸ਼ਕ ਕਾਨੂੰਨਾਂ ਅਤੇ ਵਿਨਿਯਮਾਂ ਨੂੰ ਲਾਗੂ ਕਰਦੇ ਹਨ।

ਇਹ ਪੱਕਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਅਤੇ ਤੁਹਾਡੇ ਕਰਮਚਾਰੀ ਕੀਟਨਾਸ਼ਕਾਂ ਨੂੰ ਕਾਨੂੰਨਾਂ, ਵਿਨਿਯਮਾਂ, ਪਰਮਿਟ ਦੀਆਂ ਸ਼ਰਤਾਂ ਅਤੇ ਕੀਟਨਾਸ਼ਕ ਉਤਪਾਦ ਦੇ ਲੇਬਲ ਅਨੁਸਾਰ ਲੋੜੀਂਦੇ ਤਰੀਕੇ ਨਾਲ ਸੰਭਾਲਦੇ ਅਤੇ ਵਰਤਦੇ ਹੋ। ਜਦੋਂ ਤੁਸੀਂ ਕਾਮਿਆਂ ਦੀ ਸੁਰੱਖਿਆ ਲਈ ਲੋੜਾਂ ਦੀ ਪਾਲਣਾ ਕਰਦੇ ਹੋ, ਤਾਂ ਤੁਸੀਂ ਆਪਣੇ ਕਰਮਚਾਰੀ ਦੀ ਸਿਹਤ, ਵਾਤਾਵਰਣ ਅਤੇ ਆਪਣੀ ਖੁਦ ਦੀ ਰੱਖਿਆ ਲਈ ਆਪਣੀ ਜ਼ਿੰਮੇਵਾਰੀ ਪੂਰੀ ਕਰ ਰਹੇ ਹੋ।

ਰੁਜ਼ਗਾਰਦਾਤਾਵਾਂ ਨੂੰ ਆਪਣੇ ਕਰਮਚਾਰੀਆਂ ਨੂੰ ਕੀਟਨਾਸ਼ਕਾਂ ਨਾਲ ਸੰਪਰਕ ਤੋਂ ਸੁਰੱਖਿਆ ਦੇਣੀ ਚਾਹੀਦੀ ਹੈ। ਸਹੀ ਢੰਗ ਨਾਲ ਸਿਖਲਾਈ ਪ੍ਰਾਪਤ ਕਰਨ, ਅਤੇ ਲੋੜੀਂਦੇ ਨਿੱਜੀ ਸੁਰੱਖਿਆ ਦੇ ਉਪਕਰਣ (PPE) ਪਹਿਨਣ ਨਾਲ ਕੀਟਨਾਸ਼ਕ ਸੰਭਾਲਣ ਵਾਲਿਆਂ ਨੂੰ ਕੀਟਨਾਸ਼ਕਾਂ ਦੇ ਖ਼ਤਰਿਆਂ ਤੋਂ ਸੁਰੱਖਿਆ ਮਿਲਦੀ ਹੈ। ਜੇ ਤੁਹਾਡਾ ਕਰਮਚਾਰੀ ਇਨ੍ਹਾਂ ਵਿੱਚੋਂ ਕੋਈ ਵੀ ਕੰਮ ਕਰਦਾ ਹੈ ਤਾਂ ਉਹ "ਸੰਭਾਲਣ ਵਾਲਾ" ਹੈ:

- ਕੀਟਨਾਸ਼ਕਾਂ ਨੂੰ ਮਿਲਾਉਣਾ, ਲੋਡ ਕਰਨਾ, ਇੱਕ ਤੋਂ ਦੂਜੀ ਥਾਂ ਲਿਜਾਉਣਾ, ਇਸਤੇਮਾਲ ਕਰਨਾ (ਕੈਮੀਗੇਸ਼ਨ ਸਮੇਤ) ਜਾਂ ਛਿੜਕਾਵ ਕਰਨ ਵਿੱਚ ਸਹਾਇਤਾ ਕਰਨਾ (ਫਲੈਗਿੰਗ ਸਮੇਤ);
- ਇਨ੍ਹਾਂ ਕੰਮਾਂ ਵਿੱਚ ਵਰਤੇ ਜਾਣ ਵਾਲੇ ਉਪਕਰਣ ਦੀ ਦੇਖਭਾਲ, ਸਰਵਿਸ, ਮੁਰੰਮਤ, ਸਫਾਈ, ਜਾਂ ਸੰਭਾਲ ਜਿਨ੍ਹਾਂ ਵਿੱਚ ਰਹਿੰਦ-ਖੂੰਹਦ ਹੋ ਸਕਦੀ ਹੈ;
- ਕੀਟਨਾਸ਼ਕਾਂ ਦੇ ਖੁੱਲ੍ਹੇ ਹੋਏ (ਖਾਲੀ ਕੀਤੇ ਪਰ ਧੋਤੇ ਨਾ ਗਏ ਸਮੇਤ) ਕੰਟੇਨਰਾਂ ਨਾਲ ਕੰਮ ਕਰਨਾ, ਇਲਾਜ ਕੀਤੀ ਥਾਂ ਨੂੰ ਢੱਕਣ ਵਾਲੀ ਸਮੱਗਰੀ ਠੀਕ ਕਰਨਾ, ਉਸਦੀ ਮੁਰੰਮਤ ਕਰਨਾ ਜਾਂ ਉਸ ਨੂੰ ਹਟਾਉਣਾ, ਕੀਟਨਾਸ਼ਕਾਂ ਨੂੰ ਮਿੱਟੀ ਵਿੱਚ ਸ਼ਾਮਲ ਕਰਨਾ (ਮਕੈਨੀਕਲ ਜਾਂ ਪਾਣੀ ਵਿੱਚ ਮਿਲਾ ਕੇ);
- ਕਿਸੇ ਵੀ ਇਸਤੇਮਾਲ ਕਰਨ ਦੇ ਕੰਮ ਦੌਰਾਨ ਇਲਾਜ ਕੀਤੇ ਖੇਤਰ ਵਿੱਚ ਦਾਖਲ ਹੋਣਾ ਜਾਂ ਕੀਟਨਾਸ਼ਕ ਉਤਪਾਦ ਦੇ ਲੇਬਲ 'ਤੇ ਸੂਚੀਬੱਧ ਸਾਹ ਰਾਹੀਂ ਅੰਦਰ ਜਾਣ ਦੇ ਸੰਪਰਕ ਦੇ ਪੱਧਰ 'ਤੇ ਪਹੁੰਚਣ ਤੋਂ ਪਹਿਲਾਂ ਜਾਂ ਗ੍ਰੀਨਹਾਊਸ ਹਵਾਦਾਰੀ ਮਾਪਦੰਡਾਂ ਦੇ ਪੂਰੇ ਹੋਣ ਤੋਂ ਪਹਿਲਾਂ;
- ਫਸਲ ਸਲਾਹਕਾਰ ਦੀਆਂ ਡਿਊਟੀਆਂ ਨਿਭਾਉਣਾ, ਜਿਸ ਵਿੱਚ ਖੇਤ ਦੀ ਜਾਂਚ ਜਾਂ ਸਕਾਊਟਿੰਗ, ਪੌਦਿਆਂ ਦੀ ਤੰਦਰੁਸਤੀ ਦਾ ਨਿਰੀਖਣ ਕਰਨਾ, ਜਾਂ ਇਸਤੇਮਾਲ ਕਰਨ ਜਾਂ ਕੀਟਨਾਸ਼ਕ ਉਤਪਾਦ ਦੇ ਲੇਬਲ 'ਤੇ ਸੂਚੀਬੱਧ ਕਿਸੇ ਵੀ ਪ੍ਰਤਿਬੰਧਿਤ ਦਾਖਲਾ ਅੰਤਰਾਲ ਦੌਰਾਨ ਨਮੂਨੇ ਲੈਣਾ ਸ਼ਾਮਲ ਹੈ।
- ਲੇਬਲ 'ਤੇ ਦਿੱਤੇ ਗਏ ਸੰਭਾਲਣ ਵਾਲੇ ਹੋਰ ਕੰਮ।
- ਸੰਭਾਲਣ ਵਿੱਚ ਸਥਾਨਕ, ਰਾਜ ਜਾਂ ਸੰਘੀ ਅਧਿਕਾਰੀਆਂ ਦੁਆਰਾ ਨਿਰੀਖਣ ਕਰਨਾ, ਨਮੂਨੇ ਲੈਣਾ, ਜਾਂ ਇਸੇ ਤਰ੍ਹਾਂ ਦੀਆਂ ਹੋਰ ਅਧਿਕਾਰਤ ਡਿਊਟੀਆਂ ਕਰਨਾ ਸ਼ਾਮਲ ਨਹੀਂ ਹੈ।

## ਉਮਰ ਸੰਬੰਧੀ ਸੀਮਾਵਾਂ

ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ, ਤੁਸੀਂ ਉਸ ਵੇਲੇ ਪ੍ਰਤਿਬੰਧਿਤ ਸਮੱਗਰੀਆਂ ਨੂੰ ਨਹੀਂ ਸੰਭਾਲ ਸਕਦੇ ਹੋ, ਕੋਈ ਵੀ ਕੀਟਨਾਸ਼ਕ ਮਿਕਸ ਨਹੀਂ ਕਰ ਸਕਦੇ ਜਾਂ ਲੋਡ ਨਹੀਂ ਕਰ ਸਕਦੇ ਹੋ ਜਦੋਂ ਹਵਾ ਨਾਲ ਸਪਲਾਈ ਕੀਤੀ ਜਾਂਦੀ ਸਾਹ ਸੰਬੰਧੀ ਸੁਰੱਖਿਆ, ਕੋਈ ਬੰਦ ਪ੍ਰਣਾਲੀ, ਜਾਂ ਪੂਰੇ ਸਰੀਰ ਲਈ, ਰਸਾਇਣ-ਰੋਧਕ ਸੁਰੱਖਿਆ ਵਾਲੇ ਕੱਪੜਿਆਂ ਦੀ ਲੋੜ ਹੁੰਦੀ ਹੈ।

## ਨਿੱਜੀ ਸੁਰੱਖਿਆ ਦਾ ਉਪਕਰਨ (PPE)

ਸ਼ਾਇਦ ਕਿਸੇ ਰੁਜ਼ਗਾਰਦਾਤਾ ਲਈ ਸਭ ਤੋਂ ਮਹੱਤਵਪੂਰਨ ਅਤੇ ਚੁਣੌਤੀਪੂਰਨ ਕੰਮ ਇਹ ਪੱਕਾ ਕਰਨਾ ਹੈ ਕਿ ਕਰਮਚਾਰੀ ਨਿੱਜੀ ਸੁਰੱਖਿਆ ਉਪਕਰਨ (PPE) ਦੀ ਵਰਤੋਂ ਕਰਨ। ਜਿਹੜੇ ਉਤਪਾਦਕ ਆਪਣੇ ਕਰਮਚਾਰੀਆਂ ਨੂੰ ਕਹਿੰਦੇ ਹਨ, "ਇਸਦੀ ਵਰਤੋਂ ਕਰੋ ਜਾਂ ਕਿਤੇ ਹੋਰ ਕੰਮ ਲੱਭ ਲਵੋ!", ਉਨ੍ਹਾਂ ਨੂੰ ਕੀਟਨਾਸ਼ਕਾਂ ਨਾਲ ਸੰਬੰਧਿਤ ਸਮੱਸਿਆਵਾਂ ਘੱਟ ਹੁੰਦੀਆਂ ਹਨ। ਰੁਜ਼ਗਾਰਦਾਤਾ ਬਸ ਜਵਾਬਦੇਹੀ ਨਹੀਂ ਚਾਹੁੰਦੇ। ਜੇ ਕਰਮਚਾਰੀਆਂ ਕੋਲ ਜਾਇਜ਼ ਕੀਟਨਾਸ਼ਕ ਐਪਲੀਕੇਟਰ ਸਰਟੀਫਿਕੇਸ਼ਨ (PAC) ਕਾਰਡ ਹੈ, ਜਾਂ ਉਨ੍ਹਾਂ ਨੇ ਸਾਲਾਨਾ ਸੰਭਾਲਣ ਵਾਲੇ ਦੀ ਸਿਖਲਾਈ ਪੂਰੀ ਕੀਤੀ ਹੈ, ਤਾਂ ਉਨ੍ਹਾਂ ਨੂੰ PPE ਲੋੜਾਂ ਦਾ ਗਿਆਨ ਹੋਣਾ ਚਾਹੀਦਾ ਹੈ।

ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਸਾਰੇ ਲੋੜੀਂਦੇ PPE ਮੁਹੱਈਆ ਕਰਨ ਲਈ **ਜ਼ਿੰਮੇਵਾਰ** ਹੈ।

ਰੁਜ਼ਗਾਰਦਾਤਾ ਨੂੰ ਕਰਮਚਾਰੀਆਂ ਨੂੰ ਸਾਰੇ ਲੋੜੀਂਦੇ PPE ਜ਼ਰੂਰ ਦੇਣੇ ਚਾਹੀਦੇ ਹਨ। ਸਾਰੇ ਸ਼ਰਤਬੱਧ ਛੋਟ ਪ੍ਰਾਪਤ PPE ਵਰਤੋਂ ਵਾਲੀ ਥਾਂ 'ਤੇ ਉਪਲਬਧ ਹੋਣੇ ਚਾਹੀਦੇ ਹਨ ਅਤੇ ਰਸਾਇਣ-ਰੋਧਕ ਕੰਟੇਨਰ, ਜਿਵੇਂ ਕਿ ਪਲਾਸਟਿਕ ਬੈਗ, ਵਿੱਚ ਸਟੋਰ ਕੀਤੇ ਜਾਣੇ ਚਾਹੀਦੇ ਹਨ। ਵਰਤੋਂ ਵਿੱਚ ਨਾ ਹੋਣ 'ਤੇ, PPE ਲਾਜ਼ਮੀ ਤੌਰ 'ਤੇ ਸਾਫ਼ ਹੋਣੇ ਚਾਹੀਦੇ ਹੈ ਅਤੇ ਕੀਟਨਾਸ਼ਕਾਂ ਤੋਂ ਵੱਖਰੇ ਸਟੋਰ ਕੀਤੇ ਜਾਣੇ ਚਾਹੀਦੇ ਹਨ। ਕਰਮਚਾਰੀਆਂ ਨੂੰ ਕਦੇ ਵੀ ਵਰਤਿਆ ਜਾਂ ਦੂਸ਼ਿਤ PPE ਘਰ ਨਹੀਂ ਲਿਜਾਣਾ ਚਾਹੀਦਾ।

### ਕਵਰਆਲ

DANGER ਜਾਂ WARNING ਕੀਟਨਾਸ਼ਕਾਂ ਨੂੰ ਸੰਭਾਲਦੇ ਸਮੇਂ ਕਰਮਚਾਰੀਆਂ ਨੂੰ ਰੁਜ਼ਗਾਰਦਾਤਾ ਦੁਆਰਾ ਸਪਲਾਈ ਕੀਤੇ ਗਏ ਕਵਰਆਲ ਲਾਜ਼ਮੀ ਪਹਿਨਣੇ ਚਾਹੀਦੇ ਹਨ। ਕਵਰਆਲ ਨੇੜਤਾ ਨਾਲ ਬੁਣੇ ਗਏ ਕੱਪੜੇ ਜਾਂ ਇਸਦੇ ਵਰਗੀ ਸਮੱਗਰੀ ਤੋਂ ਬਣਿਆ ਇੱਕ ਜਾਂ ਦੋ ਹਿੱਸਿਆਂ ਵਾਲਾ ਪਹਿਰਾਵਾ ਹੁੰਦਾ ਹੈ ਜੋ ਸਿਰ, ਹੱਥਾਂ ਅਤੇ ਪੈਰਾਂ ਨੂੰ ਛੱਡ ਕੇ ਪੂਰੇ ਸਰੀਰ ਨੂੰ ਢੱਕਦਾ ਹੈ। ਰੁਜ਼ਗਾਰਦਾਤਾਵਾਂ ਨੂੰ ਇਹ ਲਾਜ਼ਮੀ ਪੱਕਾ ਕਰਨਾ ਚਾਹੀਦਾ ਹੈ ਕਿ:

- ਕਰਮਚਾਰੀਆਂ ਨੂੰ ਹਰੇਕ ਕੰਮ ਵਾਲੇ ਦਿਨ ਦੀ ਸ਼ੁਰੂਆਤ 'ਤੇ ਸਾਫ਼ ਕਵਰਆਲ ਦਿੱਤੇ ਜਾਂਦੇ ਹਨ।
- DANGER ਜਾਂ WARNING ਸਿਗਨਲ ਸ਼ਬਦ ਵਾਲੇ ਕੀਟਨਾਸ਼ਕਾਂ ਨੂੰ ਸੰਭਾਲਣ ਵੇਲੇ ਕਰਮਚਾਰੀ ਹਰ ਕੰਮ ਵਾਲੇ ਦਿਨ ਦੀ ਸ਼ੁਰੂਆਤ ਕਵਰਆਲ ਪਹਿਨ ਕੇ ਕਰਦੇ ਹਨ।
- ਕੰਮ ਵਾਲੇ ਦਿਨ ਦੇ ਅੰਤ 'ਤੇ ਕਰਮਚਾਰੀ ਆਪਣੇ ਕਵਰਆਲ ਉਤਾਰ ਕੇ ਦੂਜੇ ਕੱਪੜੇ ਪਹਿਨਦੇ ਹਨ ਅਤੇ ਫਿਰ ਕਵਰਆਲਾਂ ਨੂੰ ਧੋਂਦੇ ਹਨ।
- ਕੰਮ ਵਾਲੀ ਥਾਂ ਜਾਂ ਹੈੱਡਕੁਆਰਟਰ ਤੋਂ ਹਟਾਏ ਗਏ ਸੰਭਾਵੀ ਤੌਰ 'ਤੇ ਦੂਸ਼ਿਤ ਕਵਰਆਲ ਘਰ ਨਹੀਂ ਲਿਜਾਏ ਜਾਂਦੇ ਹਨ।
- ਘਰ ਵਿਖੇ ਆਪਣਾ ਕੰਮਕਾਜੀ ਦਿਨ ਖਤਮ ਕਰਨ ਵਾਲੇ ਕਰਮਚਾਰੀ ਸੰਭਾਵੀ ਤੌਰ 'ਤੇ ਦੂਸ਼ਿਤ ਕਵਰਆਲ ਨੂੰ ਉਤਾਰ ਕੇ ਬਾਅਦ ਵਿੱਚ ਰੁਜ਼ਗਾਰਦਾਤਾ ਨੂੰ ਵਾਪਸ ਕਰਨ ਲਈ ਆਪਣੇ ਰਹਿਣ ਵਾਲੇ ਕੁਆਰਟਰਾਂ ਦੇ ਬਾਹਰ ਸੀਲਬੰਦ ਕੰਟੇਨਰ ਵਿੱਚ ਸਟੋਰ ਕਰਦੇ ਹਨ।
- ਕਵਰਆਲ ਦੀ ਲੋੜ ਧੂਣੀ ਵਾਲੇ ਪਦਾਰਥਾਂ 'ਤੇ ਲਾਗੂ ਨਹੀਂ ਹੁੰਦੀ ਜਦੋਂ ਤੱਕ ਕੀਟਨਾਸ਼ਕ ਦੇ ਲੇਬਲ 'ਤੇ ਕਵਰਆਲ ਦੀ ਵਰਤੋਂ ਦੀ ਸਪੱਸ਼ਟ ਤੌਰ 'ਤੇ ਲੋੜ ਨਾ ਦੱਸੀ ਗਈ ਹੋਵੇ।

### ਅੱਖਾਂ ਦੀ ਸੁਰੱਖਿਆ

ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਣ ਕਰਕੇ ਹੋਣ ਵਾਲੀਆਂ ਸਭ ਤੋਂ ਆਮ ਸੱਟਾਂ ਵਿੱਚੋਂ ਇੱਕ ਹੈ ਅੱਖ ਦੀ ਸੱਟ। ਰੁਜ਼ਗਾਰਦਾਤਾ ਨੂੰ ਆਪਣੇ ਕਰਮਚਾਰੀਆਂ ਨੂੰ ਢੁਕਵੀਂ ਸੁਰੱਖਿਆ ਵਾਲੀਆਂ ਐਨਕਾਂ ਜ਼ਰੂਰ ਮੁਹੱਈਆ ਕਰਨੀਆਂ ਚਾਹੀਦੀਆਂ ਹਨ। ਕਰਮਚਾਰੀਆਂ ਨੂੰ ਅੱਖਾਂ ਦੀ ਸੁਰੱਖਿਆ ਲਾਜ਼ਮੀ ਪਹਿਨਣੀ ਚਾਹੀਦੀ ਹੈ ਜਦੋਂ:

- ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਹੋਏ, ਜਦੋਂ ਤੱਕ ਕਿ ਲੇਬਲ 'ਤੇ ਸਪੱਸ਼ਟ ਤੌਰ 'ਤੇ ਕੁਝ ਹੋਰ ਨਾ ਕਿਹਾ ਗਿਆ ਹੋਵੇ;

- ਲੇਬਲ ਅਨੁਸਾਰ ਲੋੜੀਂਦਾ ਹੋਵੇ;
- ਕੀਟਨਾਸ਼ਕਾਂ ਨੂੰ ਮਿਕਸ ਕਰਦੇ ਅਤੇ ਲੋਡ ਕਰਦੇ ਹੋਏ;
- ਉਪਕਰਨ ਨੂੰ ਵਿਵਸਥਿਤ ਕਰਨਾ ਜਾਂ ਇਸਦੀ ਸਾਂਭ-ਸੰਭਾਲ ਕਰਦੇ ਹੋਏ;
- ਬੰਦ ਪ੍ਰਣਾਲੀਆਂ ਦੀ ਵਰਤੋਂ ਕਰਦੇ ਹੋਏ;
- ਹੱਥ ਵਿੱਚ ਫੜੇ ਜਾਣ ਵਾਲੇ ਉਪਕਰਨਾਂ ਦੀ ਵਰਤੋਂ ਕਰਦੇ ਹੋਏ;
- ਖਿੱਚੇ ਜਾਣ ਵਾਲੇ ਜਾਂ ਵਾਹਨ 'ਤੇ ਲੱਗੇ ਉਪਕਰਨਾਂ ਦੀ ਵਰਤੋਂ ਕਰਦੇ ਹੋਏ;
- ਫਲੈਗਿੰਗ

ਅਪਵਾਦ:

a) ਬੰਦ ਕੈਬ ਵਾਲਾ ਵਾਹਨ, ਜਾਂ
b) ਮਸ਼ੀਨਰੀ 'ਤੇ ਸਪ੍ਰੇਅ ਨੋਜ਼ਲ ਡਰਾਈਵਰ ਦੇ ਹੇਠਾਂ ਸਥਿਤ ਹੈ ਅਤੇ ਇਸਦਾ ਮੂੰਹ ਹੇਠਾਂ ਵੱਲ ਹੈ, ਜਾਂ
c) ਰੀੜ੍ਹ ਦੀ ਹੱਡੀ ਵਾਲੇ ਕੀਟਾਂ 'ਤੇ ਨਿਯੰਤ੍ਰਣ ਲਈ ਦਾਣੇ ਪਾਉਣਾ ਜੋ ਇਸਤੇਮਾਲ ਕਰਨ ਵਾਲੇ ਉਪਕਰਨ ਤੋਂ ਧੱਕੇ ਬਿਨਾਂ ਰੱਖੇ ਜਾਂਦੇ ਹਨ।
d) ਮਿੱਟੀ ਵਿੱਚ ਟੀਕਾ ਲਗਾਉਣ ਜਾਂ ਮਿਲਾਉਣ ਵਾਲੇ ਇਸਤੇਮਾਲ, ਜਾਂ
e) ਧੂਣੀ ਵਾਲੇ ਪਦਾਰਥਾਂ ਨਾਲ ਕੋਈ ਤਰਲ ਸੰਪਰਕ ਨਹੀਂ ਹੈ, ਜਾਂ
f) ਧੂਣੀ ਵਾਲੇ ਠੋਸ ਪਦਾਰਥਾਂ ਦਾ ਇਸਤੇਮਾਲ, ਜਾਂ
g) ਗੈਰ-ਕੀੜਾਨਾਸ਼ਕ ਝਾਂਸਿਆਂ ਜਾਂ ਚਾਰੇ ਵਾਲੇ ਕੀਟਾਂ ਨਾਲੇ ਨਿਗਰਾਨੀ ਜਾਲ ਲਗਾਉਣੇ।

ਅੱਖਾਂ ਕਈ ਸੁਰੱਖਿਆ ਵਿੱਚ ਸ਼ਾਮਲ ਹਨ: ਐਨਕਾਂ, ਸੁਰੱਖਿਆ ਐਨਕਾਂ, ਚਿਹਰੇ ਦੀ ਸ਼ੀਲਡ ਜਾਂ ਪੂਰਾ ਚਿਹਰਾ ਢੱਕਣ ਵਾਲਾ ਰੈਸਪੀਰੇਟਰ। ਐਨਕਾਂ, ਸੁਰੱਖਿਆ ਐਨਕਾਂ ਅਤੇ ਚਿਹਰੇ ਦੀਆਂ ਸ਼ੀਲਡਾਂ 'ਤੇ "ANSI Z87.1-2010" ਜ਼ਰੂਰ ਚਿੰਨ੍ਹਿਤ ਹੋਣਾ ਚਾਹੀਦਾ ਹੈ। ਸੁਰੱਖਿਆ ਐਨਕਾਂ ਨੂੰ ਅੱਗੇ, ਮੱਥੇ ਅਤੇ ਕਨਪਟੀ ਦੀ ਸੁਰੱਖਿਆ ਜ਼ਰੂਰ ਮੁਹੱਈਆ ਕਰਨੀ ਚਾਹੀਦੀ ਹੈ। ਧੁੱਪ ਦੀਆਂ ਐਨਕਾਂ ਅਤੇ ਐਨਕਾਂ ਇਸ ਲੋੜ ਨੂੰ ਪੂਰਾ ਕਰਨ ਲਈ ਢੁਕਵੀਂ ਸੁਰੱਖਿਆ ਮੁਹੱਈਆ ਨਹੀਂ ਕਰਦੀਆਂ।

### ਐਮਰਜੈਂਸੀ ਅੱਖਾਂ ਧੋਣ ਵਾਲਾ ਪਦਾਰਥ

ਜੇ ਲੇਬਲ ਵਿੱਚ ਸੁਰੱਖਿਆ ਵਾਲੀਆਂ ਐਨਕਾਂ ਦੀ ਲੋੜ ਦਰਸਾਈ ਗਈ ਹੈ, ਤਾਂ ਸੰਭਾਲਣ ਵਾਲੇ ਨੂੰ ਐਮਰਜੈਂਸੀ ਵਿੱਚ ਅੱਖਾਂ ਧੋਣ ਲਈ ਇੱਕ ਪਾਇੰਟ ਪਾਣੀ ਵੀ ਆਪਣੇ ਨਾਲ ਰੱਖਣਾ ਚਾਹੀਦਾ ਹੈ। ਅੱਖਾਂ ਧੋਣ ਵਾਲੇ ਪਦਾਰਥ ਨੂੰ ਬੈਲਟ ਜਾਂ ਮੋਢੇ ਦੀ ਪੱਟੀ 'ਤੇ ਲਿਜਾਇਆ ਜਾ ਸਕਦਾ ਹੈ ਜਾਂ ਵਾਹਨ 'ਤੇ ਲਗਾਇਆ ਜਾ ਸਕਦਾ ਹੈ, ਪਰ ਇਹ ਪਹੁੰਚ ਦੇ ਅੰਦਰ ਹੋਣਾ ਚਾਹੀਦਾ ਹੈ। ਪਾਣੀ ਸਾਫ਼ ਅਤੇ ਅਜਿਹੇ ਤਾਪਮਾਨ 'ਤੇ ਹੋਣਾ ਚਾਹੀਦਾ ਹੈ ਜੋ ਅੱਖਾਂ ਨੂੰ ਨੁਕਸਾਨ ਨਾ ਪਹੁੰਚਾਏ।

### ਰਸਾਇਣ-ਰੋਧਕ ਦਸਤਾਨੇ

ਕੀਟਨਾਸ਼ਕਾਂ ਦੇ ਸਰੀਰ ਵਿੱਚ ਦਾਖਲ ਹੋਣ ਦਾ ਸਭ ਤੋਂ ਆਮ ਤਰੀਕਾ ਚਮੜੀ ਰਾਹੀਂ ਹੁੰਦਾ ਹੈ, ਖਾਸ ਕਰਕੇ ਹੱਥਾਂ ਰਾਹੀਂ। ਕੀਟਨਾਸ਼ਕਾਂ ਨੂੰ ਸੰਭਾਲਦੇ ਸਮੇਂ ਰਸਾਇਣ-ਰੋਧਕ ਦਸਤਾਨੇ ਲਾਜ਼ਮੀ ਤੌਰ 'ਤੇ ਮੁਹੱਈਆ ਕੀਤੇ ਜਾਣੇ ਅਤੇ ਪਹਿਨਣੇ ਚਾਹੀਦੇ ਹਨ।

- ਕਰਮਚਾਰੀਆਂ ਨੂੰ ਰਸਾਇਣ-ਰੋਧਕ ਦਸਤਾਨੇ ਲਾਜ਼ਮੀ ਪਹਿਨਣੇ ਚਾਹੀਦੇ ਹਨ ਜਦੋਂ:
  - ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਹੋਏ, ਜਦੋਂ ਤੱਕ ਕਿ ਲੇਬਲ 'ਤੇ ਸਪੱਸ਼ਟ ਤੌਰ 'ਤੇ ਕੁਝ ਹੋਰ ਨਾ ਕਿਹਾ ਗਿਆ ਹੋਵੇ;
  - ਲੇਬਲ ਅਨੁਸਾਰ ਲੋੜੀਂਦਾ ਹੋਵੇ;
  - ਕੀਟਨਾਸ਼ਕਾਂ ਨੂੰ ਮਿਕਸ ਕਰਦੇ ਅਤੇ ਲੋਡ ਕਰਦੇ ਹੋਏ;
  - ਹੱਥ ਵਿੱਚ ਫੜੇ ਜਾਣ ਵਾਲੇ ਉਪਕਰਨਾਂ ਦੀ ਵਰਤੋਂ ਕਰਦੇ ਹੋਏ; ਜਾਂ
  - ਉਪਕਰਨ ਨੂੰ ਵਿਵਸਥਿਤ ਕਰਨਾ ਜਾਂ ਇਸਦੀ ਸਾਂਭ-ਸੰਭਾਲ ਕਰਦੇ ਹੋਏ।
- ਜੇ ਉਤਪਾਦ ਦੇ ਲੇਬਲ 'ਤੇ ਸ਼੍ਰੇਣੀ ਅਨੁਸਾਰ ਇੱਕ ਰੁਕਾਵਟ ਸਮੱਗਰੀ ਦੱਸੀ ਗਈ ਹੈ ਤਾਂ ਕਰਮਚਾਰੀ ਨੂੰ ਲੋੜੀਂਦੀ ਸਮੱਗਰੀ ਦੇ ਦਸਤਾਨੇ ਲਾਜ਼ਮੀ ਪਹਿਨਣੇ ਚਾਹੀਦੇ ਹਨ।
- ਜੇ ਕੋਈ ਰੁਕਾਵਟ ਵਾਲੀ ਸਮੱਗਰੀ ਜਾਂ ਸ਼੍ਰੇਣੀ ਨਹੀਂ ਦੱਸੀ ਗਈ ਹੈ, ਤਾਂ ਰੁਕਾਵਟ ਵਾਲੀ ਸਮੱਗਰੀ ਇਹ ਹੋ ਸਕਦੀ ਹੈ:
  - ਬੈਰੀਅਰ ਲੈਮੀਨੇਟ, ਬਿਊਟਾਇਲ ਰਬੜ, ਨਾਈਟ੍ਰਾਈਲ ਰਬੜ, ਨਿਓਪ੍ਰੀਨ, ਕੁਦਰਤੀ ਰਬੜ, ਪੋਲੀਥੀਲੀਨ, ਪੌਲੀਵਿਨਾਇਲ ਕਲੋਰਾਈਡ (PVC), ਜਾਂ ਵਿਟੋਨ

dpr **ਦਸਤਾਨੇ ਦੀ ਸ਼੍ਰੇਣੀ ਦੀ ਚੋਣ ਕੁੰਜੀ**

| ਲੇਬਲ ਕੋਡ | ਕਾਨੂੰਨ ਅਨੁਸਾਰ ਲੋੜੀਂਦੀਆਂ ਸਮੱਗਰੀਆਂ |
|---|---|
| A | 1,2,3,4,5,6,7,8 |
| B | 1,2 |
| C | 1,2,3,4,7,8 |
| D | 1,2 |
| E | 1,3,4,8 |
| F | 1,3,4,8 |
| G | 1,8 |
| H | 2,8 |

ਸਮੱਗਰੀ ਕੋਡ

1 ਲੈਮੀਨੇਟ
2 ਬਿਊਟਾਇਲ
3 ਨਾਈਟ੍ਰਾਈਲ
4 ਨਿਓਪ੍ਰੀਨ
5 ਕੁਦਰਤੀ
6 ਪੋਲੀਥੀਲੀਨ
7 ਪੌਲੀਵਿਨਾਇਲ ਕਲੋਰਾਈਡ (PVC)
8 ਵਿਟੋਨ

ਲੈਮੀਨੇਟ ਅਤੇ ਪੋਲੀਥੀਲੀਨ ਨੂੰ ਛੱਡ ਕੇ ਬਾਕੀ ਸਾਰੇ 14 ਮਿਲਸ ਜਾਂ ਇਸ ਤੋਂ ਵੱਧ ਮੋਟੇ ਹੋਣੇ ਚਾਹੀਦੇ ਹਨ

- ਬੈਰੀਅਰ ਲੈਮੀਨੇਟ ਅਤੇ ਪੋਲੀਥੀਲੀਨ ਸਮੱਗਰੀਆਂ ਨੂੰ ਛੱਡ ਕੇ, ਸਾਰੀਆਂ ਰੁਕਾਵਟ ਵਾਲੀਆਂ ਸਮੱਗਰੀਆਂ 14 ਮਿਲ ਜਾਂ ਇਸ ਤੋਂ ਵੱਧ ਮੋਟੀਆਂ ਹੋਣੀਆਂ ਚਾਹੀਦੀਆਂ ਹਨ।
- ਮਹੀਨ ਵਿਵਸਥਾਵਾਂ ਕਰਦੇ ਹੋਏ ਜਾਂ ਹੋਰ ਗਤੀਵਿਧੀਆਂ ਕਰਦੇ ਹੋਏ ਜਿਨ੍ਹਾਂ ਲਈ ਉੱਚ ਨਿਪੁੰਨਤਾ ਦੀ ਲੋੜ ਹੁੰਦੀ ਹੈ, ਤਾਂ ਸ਼੍ਰੇਣੀ A ਜਾਂ B ਵਾਲੇ ਦਸਤਾਨੇ 14 ਮਿਲ ਤੋਂ ਘੱਟ ਹੋ ਸਕਦੇ ਹਨ ਜੇ ਵੱਧ ਤੋਂ ਵੱਧ 15 ਮਿੰਟਾਂ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦਸਤਾਨਿਆਂ ਨੂੰ ਸਿਰਫ਼ ਇੱਕ ਵਾਰ ਵਰਤਿਆ ਜਾ ਸਕਦਾ ਹੈ ਅਤੇ ਕੰਮ ਪੂਰਾ ਹੋਣ ਤੋਂ ਬਾਅਦ ਦੁਬਾਰਾ ਨਹੀਂ ਵਰਤਿਆ ਜਾ ਸਕਦਾ।
- ਕੰਮ ਕਰਨ ਦੀਆਂ ਸਥਿਤੀਆਂ ਅਨੁਸਾਰ ਲੋੜ ਪੈਣ 'ਤੇ ਰਸਾਇਣ-ਰੋਧਕ ਦਸਤਾਨਿਆਂ ਦੇ ਉੱਪਰ ਚਮੜੇ ਦੇ ਦਸਤਾਨੇ ਪਹਿਨੇ ਜਾ ਸਕਦੇ ਹਨ। ਇੱਕ ਵਾਰ ਇਸ ਉਦੇਸ਼ ਲਈ ਵਰਤੇ ਜਾਣ ਤੋਂ ਬਾਅਦ, ਉਨ੍ਹਾਂ ਨੂੰ ਰਸਾਇਣ -ਰੋਧਕ ਦਸਤਾਨਿਆਂ ਉੱਤੇ ਪਹਿਨੇ ਬਿਨਾਂ ਬਿਲਕੁਲ ਨਹੀਂ ਪਹਿਨਣਾ ਚਾਹੀਦਾ।
- ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਦਸਤਾਨਿਆਂ ਦੇ ਦੂਸ਼ਿਤ ਬਾਹਰਲੇ ਹਿੱਸੇ ਸਰੀਰ ਦੇ ਅਸੁਰੱਖਿਅਤ ਹਿੱਸਿਆਂ ਨੂੰ ਨਾ ਛੂਹਣ।
- ਸੂਤੀ ਜਾਂ ਹੋਰ ਸੋਖਣ ਵਾਲੀਆਂ ਸਮੱਗਰੀਆਂ ਤੋਂ ਬਣੇ ਵੱਖ ਕਰਨ ਯੋਗ ਦਸਤਾਨਿਆਂ ਦੇ ਲਾਈਨਰਾਂ ਨੂੰ ਰਸਾਇਣ-ਰੋਧਕ ਦਸਤਾਨਿਆਂ ਦੇ ਹੇਠਾਂ ਪਹਿਨਿਆ ਜਾ ਸਕਦਾ ਹੈ, ਜਦੋਂ ਤੱਕ ਕਿ ਲੇਬਲ ਦੁਆਰਾ ਵਰਜਿਤ ਨਾ ਹੋਵੇ। ਰਸਾਇਣ-ਰੋਧਕ ਦਸਤਾਨਿਆਂ ਦੇ ਸਿਰੇ ਤੋਂ ਦਸਤਾਨੇ ਦੇ ਲਾਈਨਰ ਬਾਹਰ ਨਹੀਂ ਨਿਕਲ ਸਕਦੇ। ਕੰਮ ਵਾਲੇ ਦਿਨ ਦੇ ਅੰਤ 'ਤੇ, ਜਾਂ ਕੀਟਨਾਸ਼ਕ ਦੇ ਸੰਪਰਕ ਵਿੱਚ ਆਉਣ ਦੇ ਤੁਰੰਤ ਬਾਅਦ, ਦਸਤਾਨਿਆਂ ਦੇ ਲਾਈਨਰ ਸੁੱਟ ਦਿੱਤੇ ਜਾਣੇ ਚਾਹੀਦੇ ਹਨ।

ਦਸਤਾਨਿਆਂ ਵਿੱਚ ਕਦੇ ਵੀ ਵੱਖ ਨਾ ਹੋਣ ਵਾਲਾ ਸੋਖਕ ਪਰਤ ਨਹੀਂ ਹੋਣੀ ਚਾਹੀਦੀ।

### ਪੂਰੇ ਸਰੀਰ ਦੇ, ਰਸਾਇਣ-ਰੋਧਕ ਸੁਰੱਖਿਆਤਮਕ ਕੱਪੜੇ

ਪੂਰੇ ਸਰੀਰ ਦੇ, ਰਸਾਇਣ-ਰੋਧਕ ਸੁਰੱਖਿਆਤਮਕ ਕੱਪੜਿਆਂ (ਲੇਬਲ 'ਤੇ ਰਸਾਇਣ-ਰੋਧਕ ਕਵਰਆਲ ਦੀਆਂ ਲੋੜਾਂ ਨਾਲ ਉਲਝਣ ਵਿੱਚ ਨਾ ਪਵੋ) ਵਿੱਚ ਸ਼ਾਮਲ ਹਨ:

ਕੀਟਨਾਸ਼ਕਾਂ ਦੇ ਸਰੀਰ ਵਿੱਚ ਦਾਖਲ ਹੋਣ ਦਾ ਸਭ ਤੋਂ ਆਮ ਤਰੀਕਾ **ਚਮੜੀ ਰਾਹੀਂ** ਹੁੰਦਾ ਹੈ, ਖਾਸ ਕਰਕੇ ਹੱਥਾਂ ਰਾਹੀਂ।

ਜੇ ਲੇਬਲ ਵਿੱਚ ਸੁਰੱਖਿਆ ਵਾਲੀਆਂ ਐਨਕਾਂ ਦੀ ਲੋੜ ਦਰਸਾਈ ਗਈ ਹੈ, ਤਾਂ ਸੰਭਾਲਣ ਵਾਲੇ ਨੂੰ **ਇੱਕ ਪਾਇੰਟ** ਪਾਣੀ ਵੀ ਆਪਣੇ ਨਾਲ ਰੱਖਣਾ ਚਾਹੀਦਾ ਹੈ।

- ਰਸਾਇਣ-ਰੋਧਕ ਸਿਰ ਦੇ ਕੱਪੜੇ (ਚੌੜੇ ਕਿਨਾਰੇ ਵਾਲਾ ਹੁੱਡ ਜਾਂ ਟੋਪ);
- ਰਸਾਇਣ-ਰੋਧਕ ਜੁੱਤੇ;
- ਵਾਟਰਪਰੂਫ ਜਾਂ ਅਪ੍ਰਵੇਸ਼ੀ ਕਵਰਆਲ ਜਾਂ ਰੇਨ-ਸੂਟ (ਮੀਂਹ ਲਈ ਕੱਪੜੇ) (ਧੜ, ਬਾਹਾਂ, ਲੱਤਾਂ ਨੂੰ ਢੱਕਣ ਵਾਲੇ)।

ਜਦੋਂ ਦਿਨ ਦਾ ਤਾਪਮਾਨ 80 ਡਿਗਰੀ ਫਾਰਨਹੀਟ ਤੋਂ ਵੱਧ ਜਾਂਦਾ ਹੈ, ਜਾਂ ਰਾਤ ਦਾ ਤਾਪਮਾਨ 85 ਡਿਗਰੀ ਫਾਰਨਹੀਟ ਤੋਂ ਵੱਧ ਜਾਂਦਾ ਹੈ ਤਾਂ ਪੂਰੇ ਸਰੀਰ ਦਾ, ਰਸਾਇਣ ਰੋਧਕ ਸੁਰੱਖਿਆ ਸੂਟ ਨਹੀਂ ਪਹਿਨਣਾ ਚਾਹੀਦਾ।

## ਸਾਹ ਸੰਬੰਧੀ ਸੁਰੱਖਿਆ ਦਾ ਪ੍ਰੋਗਰਾਮ

ਜੇ ਕਰਮਚਾਰੀ ਅਜਿਹੀਆਂ ਸਮੱਗਰੀਆਂ ਨੂੰ ਸੰਭਾਲਦੇ ਹਨ ਜਿਨ੍ਹਾਂ ਲਈ ਰੈਸਪੀਰੇਟਰਾਂ ਦੀ ਲੋੜ ਹੁੰਦੀ ਹੈ, ਤਾਂ ਰੁਜ਼ਗਾਰਦਾਤਾ ਨੂੰ ਨੈਸ਼ਨਲ ਇੰਸਟੀਚਿਊਟ ਫਾਰ ਆਕਿਊਪੇਸ਼ਨਲ ਸੇਫਟੀ ਐਂਡ ਹੈਲਥ (NIOSH) ਦੁਆਰਾ ਉਸ ਖਾਸ ਸੰਪਰਕ ਲਈ ਪ੍ਰਵਾਨਿਤ ਸਾਹ ਸੰਬੰਧੀ ਉਪਕਰਨ ਮੁਹੱਈਆ ਕਰਨੇ ਚਾਹੀਦੇ ਹਨ ਅਤੇ ਕਰਮਚਾਰੀਆਂ ਨੂੰ ਮੁਹੱਈਆ ਕੀਤੇ ਗਏ ਉਪਕਰਨਾਂ ਨੂੰ ਲਾਜ਼ਮੀ ਵਰਤਣਾ ਚਾਹੀਦਾ ਹੈ। ਜਦੋਂ ਸਮੱਗਰੀ ਲਈ ਰੈਸਪੀਰੇਟਰ ਦੀ ਲੋੜ ਹੁੰਦੀ ਹੈ ਅਤੇ/ਜਾਂ ਰੁਜ਼ਗਾਰਦਾਤਾ ਕਰਮਚਾਰੀਆਂ ਤੋਂ ਰੈਸਪੀਰੇਟਰ ਪਹਿਨਣ ਦੀ ਮੰਗ ਕਰਦਾ ਹੈ, ਤਾਂ ਰੁਜ਼ਗਾਰਦਾਤਾ ਕੋਲ ਕੰਮ ਵਾਲੀ ਥਾਂ 'ਤੇ ਇੱਕ ਲਿਖਤੀ ਸਾਹ ਸੁਰੱਖਿਆ ਪ੍ਰੋਗਰਾਮ ਵੀ ਹੋਣਾ ਚਾਹੀਦਾ ਹੈ। ਇਸ ਪ੍ਰੋਗਰਾਮ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹਨ:

### 1. ਡਾਕਟਰੀ ਮੁਲਾਂਕਣ

ਇਸ ਤੋਂ ਪਹਿਲਾਂ ਕਿ ਕਰਮਚਾਰੀ ਦੀ ਫਿੱਟ ਹੋਣ ਦੀ ਜਾਂਚ ਕੀਤੀ ਜਾਵੇ ਜਾਂ ਉਸ ਤੋਂ ਕੰਮ ਕਰਨ ਵਾਲੀ ਥਾਂ 'ਤੇ ਰੈਸਪੀਰੇਟਰ ਦੀ ਵਰਤੋਂ ਕਰਨ ਦੀ ਮੰਗ ਕੀਤੀ ਜਾਵੇ, ਕਰਮਚਾਰੀ ਦਾ ਲਾਜ਼ਮੀ ਤੌਰ 'ਤੇ ਡਿਪਾਰਟਮੈਂਟ ਔਫ਼ ਪੈਸਟੀਸਾਇਡ ਰੈਗੂਲੇਸ਼ਨ ਦੀ ਮੈਡੀਕਲ ਪ੍ਰਸ਼ਨਾਵਲੀ ਦੇ ਆਧਾਰ 'ਤੇ ਕਿਸੇ ਡਾਕਟਰ ਜਾਂ ਲਾਇਸੰਸਸ਼ੁਦਾ ਹੈਲਥ ਕੇਅਰ ਪ੍ਰੋਫੈਸ਼ਨਲ (PLHCP) ਦੁਆਰਾ ਡਾਕਟਰੀ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਕਰਮਚਾਰੀ ਦੀ ਰੈਸਪੀਰੇਟਰ ਦੀ ਵਰਤੋਂ ਕਰਨ ਦੀ ਯੋਗਤਾ ਦਾ ਪਤਾ ਲਗਾਇਆ ਜਾ ਸਕੇ। PLHCP ਨੂੰ ਇਨ੍ਹਾਂ ਬਾਰੇ ਜਾਣਕਾਰੀ ਲਾਜ਼ਮੀ ਮੁਹੱਈਆ ਕਰਨੀ ਚਾਹੀਦੀ ਹੈ: ਰੈਸਪੀਰੇਟਰ ਦੀ ਕਿਸਮ ਅਤੇ ਭਾਰ; ਰੈਸਪੀਰੇਟਰ ਦੀ ਵਰਤੋਂ ਦੀ ਮਿਆਦ ਅਤੇ ਵਾਰਵਾਰਤਾ; ਉਮੀਦ ਕੀਤਾ ਜਾਂਦਾ ਸਰੀਰਕ ਕੰਮ; ਪਹਿਨੇ ਜਾਣ ਵਾਲੇ ਵਾਧੂ ਸੁਰੱਖਿਆ ਕੱਪੜੇ; ਕੰਮ ਕਰਨ ਦੀਆਂ ਸਥਿਤੀਆਂ ਵਿੱਚ ਅਨੁਮਾਨਤ ਤਾਪਮਾਨ ਅਤੇ ਨਮੀ; ਲਿਖਤੀ ਸਾਹ ਸੰਬੰਧੀ ਸੁਰੱਖਿਆ ਦੇ ਪ੍ਰੋਗਰਾਮ ਦੀ ਕਾਪੀ; ਅਤੇ ਟਾਈਟਲ 3 ਕੈਲੀਫੋਰਨੀਆ ਕੋਡ ਔਫ਼ ਰੈਗੂਲੇਸ਼ਨ (3CCR) ਸੈਕਸ਼ਨ 6739(d) ਦੀ ਕਾਪੀ। ਜੇ PLHCP ਦੁਆਰਾ ਲੋੜ ਨਿਰਧਾਰਤ ਕੀਤੀ ਜਾਂਦੀ ਹੈ, ਕਿਸੇ ਕਰਮਚਾਰੀ ਦੇ ਚਿਹਰੇ ਦੀਆਂ ਵਿਸ਼ੇਸ਼ਤਾਵਾਂ ਇਸ ਤਰੀਕੇ ਨਾਲ ਬਦਲਦੀਆਂ ਹਨ ਜੋ ਫਿੱਟ ਕੀਤੇ ਰੈਸਪੀਰੇਟਰ ਦੀ ਸੀਲ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਜਾਂ ਜੇ ਕੋਈ ਕਰਮਚਾਰੀ ਰੈਸਪੀਰੇਟਰ ਦੀ ਵਰਤੋਂ ਕਰਨ ਦੀ ਯੋਗਤਾ ਨਾਲ ਸੰਬੰਧਿਤ ਡਾਕਟਰੀ ਸੰਕੇਤਾਂ ਜਾਂ ਲੱਛਣਾਂ ਦੀ ਰਿਪੋਰਟ ਕਰਦਾ ਹੈ, ਤਾਂ ਇੱਕ ਫਾਲੋ-ਅੱਪ ਡਾਕਟਰੀ ਜਾਂਚ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ।

### 2. ਡਾਕਟਰੀ ਮੁਆਇਨੇ ਅਤੇ ਪ੍ਰਸ਼ਨਾਵਲੀਆਂ

ਡਾਕਟਰੀ ਮੁਆਇਨੇ ਅਤੇ ਪ੍ਰਸ਼ਨਾਵਲੀਆਂ ਕਰਮਚਾਰੀ ਦੇ ਆਮ ਕੰਮਕਾਜੀ ਘੰਟਿਆਂ ਦੌਰਾਨ ਜਾਂ ਕਰਮਚਾਰੀ ਲਈ ਸੁਵਿਧਾਜਨਕ ਸਮੇਂ ਅਤੇ ਸਥਾਨ 'ਤੇ ਗੁਪਤ ਤੌਰ 'ਤੇ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਜੇ ਲੋੜ ਹੋਵੇ, ਤਾਂ ਰੁਜ਼ਗਾਰਦਾਤਾਵਾਂ ਨੂੰ ਇੱਕ ਗੁਪਤ ਪੜ੍ਹਨ ਵਾਲਾ ਵਿਅਕਤੀ ਮੁਹੱਈਆ ਕਰਨਾ ਚਾਹੀਦਾ ਹੈ, ਅਤੇ ਕਰਮਚਾਰੀ ਨੂੰ ਪ੍ਰਸ਼ਨਾਵਲੀ ਨੂੰ PLHCP ਨੂੰ ਡਾਕ ਰਾਹੀਂ ਭੇਜਣ ਲਈ ਇੱਕ ਪਹਿਲਾਂ ਤੋਂ ਪਤਾ ਲਿਖਿਆ, ਟਿਕਟ ਲੱਗਾ ਲਿਫਾਫਾ ਮੁਹੱਈਆ ਕਰਨਾ ਚਾਹੀਦਾ ਹੈ। ਰੁਜ਼ਗਾਰਦਾਤਾ ਨੂੰ ਕਰਮਚਾਰੀ ਦੀ ਰੈਸਪੀਰੇਟਰ ਦੀ ਵਰਤੋਂ ਕਰਨ ਦੀ ਯੋਗਤਾ ਬਾਰੇ PLHCP ਤੋਂ ਇੱਕ ਲਿਖਤੀ ਸਿਫ਼ਾਰਸ਼ ਪ੍ਰਾਪਤ ਕਰਨੀ ਚਾਹੀਦੀ ਹੈ।

### 3. ਲਿਖਤੀ ਸਾਹ ਸੰਬੰਧੀ ਸੁਰੱਖਿਆ ਦਾ ਪ੍ਰੋਗਰਾਮ

ਰੁਜ਼ਗਾਰਦਾਤਾ ਕੋਲ ਲਿਖਤੀ ਸਾਹ ਸੰਬੰਧੀ ਸੁਰੱਖਿਆ ਦਾ ਪ੍ਰੋਗਰਾਮ ਲਾਜ਼ਮੀ ਹੋਣਾ ਚਾਹੀਦਾ ਹੈ ਜੋ ਰੈਸਪੀਰੇਟਰਾਂ ਦੀ ਚੋਣ, ਫਿਟਿੰਗ, ਸਫਾਈ ਅਤੇ ਸਾਂਭ-ਸੰਭਾਲ ਲਈ ਪ੍ਰਕਿਰਿਆਵਾਂ ਦੀ ਰੂਪਰੇਖਾ ਦੇਵੇ। ਕਾਫ਼ੀ ਗਿਣਤੀ ਵਿੱਚ ਮਾਡਲਾਂ ਅਤੇ ਆਕਾਰਾਂ ਵਿੱਚੋਂ ਰੈਸਪੀਰੇਟਰ ਚੁਣੋ ਤਾਂ ਜੋ ਰੈਸਪੀਰੇਟਰ ਵਰਤੋਂਕਾਰ ਲਈ ਸਹੀ ਢੰਗ ਨਾਲ ਫਿੱਟ ਹੋਵੇ। ਸਾਹ ਸੰਬੰਧੀ ਸੁਰੱਖਿਆ ਦੇ ਪ੍ਰੋਗਰਾਮ ਨੂੰ ਲੋੜ ਅਨੁਸਾਰ ਅੱਪਡੇਟ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਕੰਮ ਕਰਨ ਵਾਲੀ ਥਾਂ ਦੀਆਂ ਸਥਿਤੀਆਂ ਵਿੱਚ ਕਿਸੇ ਵੀ ਤਬਦੀਲੀ ਨੂੰ ਦਰਸਾਇਆ ਜਾ ਸਕੇ ਰੈਸਪਿਰੇਟਰ ਦੀ ਵਰਤੋਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜਿਨ੍ਹਾਂ ਕਰਮਚਾਰੀਆਂ ਨੂੰ ਸਾਹ ਸੰਬੰਧੀ ਸੁਰੱਖਿਆ ਦੀ ਵਰਤੋਂ ਕਰਨ ਦੀ ਲੋੜ ਹੈ ਰੁਜ਼ਗਾਰਦਾਤਾਵਾਂ ਨੂੰ ਉਨ੍ਹਾਂ ਲਈ ਸਾਹ ਸੰਬੰਧੀ ਸੁਰੱਖਿਆ ਪ੍ਰੋਗਰਾਮ ਦੇ ਦਸਤਾਵੇਜ਼ ਲਾਜ਼ਮੀ ਰੱਖਣੇ ਚਾਹੀਦੇ ਹਨ ਅਤੇ ਇਹ ਉਨ੍ਹਾਂ ਦੀ ਨੌਕਰੀ ਖਤਮ ਹੋਣ ਤੋਂ ਬਾਅਦ ਤਿੰਨ ਸਾਲਾਂ ਲਈ ਰੱਖੇ ਜਾਣੇ ਚਾਹੀਦੇ ਹਨ। ਵਧੇਰੇ ਜਾਣਕਾਰੀ ਅਤੇ ਲਿਖਤੀ ਸਾਹ ਸੁਰੱਖਿਆ ਪ੍ਰੋਗਰਾਮ ਦੇ ਮਾਡਲ ਅਤੇ ਹੋਰ ਲੋੜੀਂਦੇ ਦਸਤਾਵੇਜ਼ਾਂ ਲਈ www.cdpr.ca.gov, 'ਤੇ ਜਾਓ, (ਖੋਜ ਖੇਤਰ ਵਿੱਚ “Respiratory Compliance” ਟਾਈਪ ਕਰੋ)।

ਸਹੀ ਸਾਹ ਸੰਬੰਧੀ ਸੁਰੱਖਿਆ **ਫਿਊਮਿਗੇਸ਼ਨ (ਧੂਣੀ) ਦੌਰਾਨ ਮਹੱਤਵਪੂਰਨ ਹੈ।** ਜੇ ਤੁਹਾਨੂੰ ਪੱਕਾ ਨਹੀਂ ਹੈ ਕਿ ਕਿਸ ਕਿਸਮ ਦਾ ਰੈਸਪਿਰੇਟਰ ਤੁਹਾਡੀ ਸਥਿਤੀ ਲਈ ਢੁਕਵਾਂ ਹੈ, ਕਿਰਪਾ ਕਰਕੇ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਕਰੋ।

### 4. ਕਰਮਚਾਰੀ ਮੁਲਾਂਕਣ ਅਤੇ ਸਿਖਲਾਈ ਦੇ ਦਸਤਾਵੇਜ਼ ਬਣਾਉਣੇ

ਰੈਸਪੀਰੇਟਰ ਵਰਤਣ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਸਾਲਾਨਾ ਅਧਾਰ 'ਤੇ ਕਰਮਚਾਰੀਆਂ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਅਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ, ਜਿਵੇਂ ਕਿ 3CCR 6739 ਵਿੱਚ ਦੱਸਿਆ ਗਿਆ ਹੈ। ਮੁਲਾਂਕਣ ਕੀਤੇ ਗਏ ਕਰਮਚਾਰੀਆਂ, ਸਿਖਲਾਈ, ਡਾਕਟਰੀ ਸਿਫ਼ਾਰਸ਼ਾਂ ਅਤੇ ਸਾਲਾਨਾ ਫਿੱਟ ਟੈਸਟਿੰਗ ਦੀਆਂ ਤਰੀਕਾਂ ਦੇ ਨਾਲ ਇੱਕ ਸੂਚੀ ਬਣਾ ਕੇ ਰੱਖੋ। ਇਹ ਜਾਣਕਾਰੀ ਕਰਮਚਾਰੀ ਨੂੰ ਸਾਹ ਸੰਬੰਧੀ ਸੁਰੱਖਿਆ ਦੀ ਵਰਤੋਂ ਕਰਨ ਦੇ ਦੌਰਾਨ ਅਤੇ ਨੌਕਰੀ ਖਤਮ ਹੋਣ ਤੋਂ ਬਾਅਦ ਤਿੰਨ ਸਾਲਾਂ ਲਈ ਨਿਰੀਖਣ ਲਈ ਲਾਜ਼ਮੀ ਉਪਲਬਧ ਹੋਣੀ ਚਾਹੀਦੀ ਹੈ। ਉਤਪਾਦਕ ਸਾਹ ਸੰਬੰਧੀ ਸੁਰੱਖਿਆ ਪ੍ਰੋਗਰਾਮ ਦੀ ਸਿਖਲਾਈ ਅਤੇ ਫਿੱਟ ਟੈਸਟਿੰਗ ਲਈ ਨਿੱਜੀ ਕੰਪਨੀਆਂ ਨਾਲ ਇਕਰਾਰਨਾਮਾ ਕਰ ਸਕਦੇ ਹਨ, ਹਾਲਾਂਕਿ, ਸਾਰੇ ਦਸਤਾਵੇਜ਼ ਰੱਖਣ ਦੀ ਜ਼ਿੰਮੇਵਾਰੀ ਹਾਲੇ ਵੀ ਉਤਪਾਦਕ ਦੀ ਹੈ।

### 5. ਐਮਰਜੈਂਸੀ ਵਰਤੋਂ ਵਾਲੇ ਰੈਸਪੀਰੇਟਰਾਂ ਦੀ ਸਾਂਭ-ਸੰਭਾਲ

ਐਮਰਜੈਂਸੀ ਵਰਤੋਂ, ਜਾਂ ਦੂਜੇ ਰੈਸਪੀਰੇਟਰਾਂ ਦੀ ਉਸ ਕੀਟਨਾਸ਼ਕ ਦੀ ਹਰੇਕ ਵਰਤੋਂ ਤੋਂ ਪਹਿਲਾਂ ਜਾਂਚ ਕੀਤੀ ਜਾਣੀ ਚਾਹੀਦੀ ਹੈ, ਜਿਸ ਲਈ ਉਨ੍ਹਾਂ ਦੀ ਮੌਜੂਦਗੀ ਦੀ ਲੋੜ ਹੁੰਦੀ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਹਵਾ ਦੇ ਸਿਲੰਡਰਾਂ ਨੂੰ ਨਿਰਮਾਤਾ ਦੀ ਸਮਰੱਥਾ ਦੇ 100 ਪ੍ਰਤਿਸ਼ਤ 'ਤੇ ਬਣਾ ਕੇ ਰੱਖਿਆ ਜਾਂਦਾ ਹੈ। ਐਮਰਜੈਂਸੀ ਵਰਤੋਂ ਲਈ ਰੈਸਪੀਰੇਟਰਾਂ ਦੀ ਨਿਯਮਿਤ ਵਰਤੋਂ ਲਈ ਨਿਰੀਖਣ ਮਾਪਦੰਡਾਂ ਦੇ ਅਨੁਸਾਰ ਘੱਟੋ-ਘੱਟ ਮਹੀਨਾਵਾਰ ਅਧਾਰ 'ਤੇ ਨਿਰੀਖਣ ਇਸ ਨੂੰ ਲੌਗ ਕੀਤਾ ਜਾਣਾ ਚਾਹੀਦਾ ਹੈ, ਜਦੋਂ ਕਿ ਕਰਮਚਾਰੀਆਂ ਨੂੰ ਸਾਹ ਸੰਬੰਧੀ ਸੁਰੱਖਿਆ ਦੀ ਲੋੜ ਹੁੰਦੀ ਹੈ। ਸਭ ਤੋਂ ਤਾਜ਼ਾ ਨਿਰੀਖਣ ਦੇ ਦਸਤਾਵੇਜ਼ ਲਾਜ਼ਮੀ ਤੌਰ 'ਤੇ ਰੈਸਪੀਰੇਟਰ ਦੇ ਨਾਲ ਰੱਖਣੇ ਚਾਹੀਦੇ ਹਨ ਅਤੇ ਇਸ ਵਿੱਚ ਨਿਰੀਖਣ ਕਰਨ ਵਾਲੇ ਵਿਅਕਤੀ ਦਾ ਨਾਮ, ਜਾਂ ਦਸਤਖ਼ਤ, ਨਤੀਜੇ, ਲੋੜੀਂਦੀ ਉਪਚਾਰਕ ਕਾਰਵਾਈ, ਅਤੇ ਸੀਰੀਅਲ ਨੰਬਰ ਜਾਂ ਨਿਰੀਖਣ ਕੀਤੇ ਗਏ ਰੈਸਪੀਰੇਟਰ ਦੀ ਪਛਾਣ ਕਰਨ ਦੇ ਹੋਰ ਤਰੀਕੇ ਸ਼ਾਮਲ ਹੋਣੇ ਚਾਹੀਦੇ ਹਨ।

### ਰੈਸਪੀਰੇਟਰਾਂ ਦੀ ਵਰਤੋਂ

ਰੁਜ਼ਗਾਰਦਾਤਾਵਾਂ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਕਰਮਚਾਰੀ ਲੇਬਲ, ਵਿਨਿਯਮ, ਜਾਂ ਪ੍ਰਤਿਬੰਧਿਤ ਸਮੱਗਰੀ ਪਰਮਿਟ ਦੀ ਸ਼ਰਤ ਅਨੁਸਾਰ ਰੈਸਪੀਰੇਟਰ ਦੀ ਵਰਤੋਂ ਕਰਨ। ਧੂਣੀਆਂ (ਫਿਊਮੀਗੇਸ਼ਨਾਂ) ਦੌਰਾਨ ਸਾਹ ਸੰਬੰਧੀ ਸਹੀ ਸੁਰੱਖਿਆ ਮਹੱਤਵਪੂਰਨ ਹੈ।

ਰੁਜ਼ਗਾਰਦਾਤਾ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਜੋ ਕਰਮਚਾਰੀ ਟਾਈਟ ਫਿਟਿੰਗ ਵਾਲੇ, ਫੇਸ-ਪੀਸ ਰੈਸਪੀਰੇਟਰ ਦੀ ਵਰਤੋਂ ਕਰਦੇ ਹਨ, ਉਹ ਸਾਲਾਨਾ ਅਧਾਰ 'ਤੇ ਗੁਣਾਤਮਕ ਜਾਂ ਮਾਤਰਾਤਮਕ ਫਿੱਟ ਟੈਸਟ ਪਾਸ ਕਰਦੇ ਹਨ। ਇਸ ਵਿੱਚ ਫਿਲਟਰਿੰਗ ਫੇਸ-ਪੀਸ (N95 ਰੈਸਪੀਰੇਟਰ) ਸ਼ਾਮਲ ਹਨ। ਕਰਮਚਾਰੀਆਂ ਨੂੰ ਹਰ ਵਾਰ ਰੈਸਪੀਰੇਟਰ ਲਗਾਉਣ 'ਤੇ ਵਰਤੋਂਕਾਰ ਸੀਲ ਦੀ ਜਾਂਚ ਕਰਨੀ ਚਾਹੀਦੀ ਹੈ। ਰੁਜ਼ਗਾਰਦਾਤਾ ਆਪਣੇ ਕਰਮਚਾਰੀਆਂ ਨੂੰ ਸਵੈਇੱਛਤ ਵਰਤੋਂ ਲਈ ਰੈਸਪੀਰੇਟਰ ਮੁਹੱਈਆ ਕਰ ਸਕਦਾ ਹੈ ਜੇ ਵਰਤੋਂ ਨਾਲ ਕੋਈ ਖ਼ਤਰਾ ਪੈਦਾ ਨਹੀਂ ਹੋਵੇਗਾ (ਫਿਰ 3CCR 6739 ਉਪ-ਭਾਗ "r " ਪੋਸਟਿੰਗ ਦੀ ਲੋੜ ਹੋਵੇਗੀ)।

ਜੇ ਕਰਮਚਾਰੀਆਂ ਦੇ ਚਿਹਰੇ ਦੇ ਵਾਲ ਹਨ, ਉਹ ਸੁਧਾਰਾਤਮਕ ਐਨਕਾਂ ਜਾਂ ਅਜਿਹੀਆਂ ਐਨਕਾਂ ਪਹਿਨਦੇ ਹਨ ਜੋ ਵਿਚਕਾਰ ਆਉਂਦੀਆਂ ਹਨ ਜਾਂ ਸੀਲ ਵਿੱਚ ਵਿਘਨ ਪਾਉਂਦੇ ਹਨ ਤਾਂ ਉਨ੍ਹਾਂ ਨੂੰ ਅਜਿਹੇ ਰੈਸਪੀਰੇਟਰ ਨਹੀਂ ਵਰਤਣੇ ਚਾਹੀਦੇ ਜੋ ਚਿਹਰੇ-ਤੋਂ ਚਿਹਰਾ-ਪੀਸ ਵਾਲੀ ਸੀਲ 'ਤੇ ਨਿਰਭਰ ਕਰਦੇ ਹਨ। ਹੋਰ ਕਿਸਮ ਦੇ ਗੈਰ-ਚਿਹਰਾ-ਸੀਲਿੰਗ ਰੈਸਪੀਰੇਟਰ, ਜੇ ਉਹ ਖ਼ਤਰੇ ਤੋਂ ਬਚਾਅ ਲਈ ਕਾਫ਼ੀ ਹੋਣ, ਪਹਿਨੇ ਜਾ ਸਕਦੇ ਹਨ।

ਜੇ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਹਾਡੀ ਸਥਿਤੀ ਲਈ ਕਿਸ ਕਿਸਮ ਦਾ ਰੈਸਪੀਰੇਟਰ ਢੁਕਵਾਂ ਹੈ, ਤਾਂ ਕਿਰਪਾ ਕਰਕੇ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਕਰੋ।

## ਰੁਜ਼ਗਾਰਦਾਤਾ ਦੀ PPE ਜ਼ਿੰਮੇਵਾਰੀ

**ਪਹਿਲੀ:**
ਆਪਣੇ ਸੰਭਾਲਣ ਵਾਲੇ-ਕਰਮਚਾਰੀਆਂ ਅਤੇ ਜਲਦੀ-ਦਾਖਲਾ ਖੇਤ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ, ਉਸ ਭਾਸ਼ਾ ਵਿੱਚ ਜੋ ਉਹ ਸਮਝਦੇ ਹਨ, ਇਸ ਬਾਰੇ ਵਿਆਖਿਆ ਕਰੋ:

- ਵਰਤਿਆ ਗਿਆ ਕੀਟਨਾਸ਼ਕ।
- ਕੀਟਨਾਸ਼ਕਾਂ ਤੋਂ ਸੁਰੱਖਿਆ ਸੰਬੰਧੀ ਖ਼ਤਰੇ।
- PPE (ਨਿੱਜੀ ਸੁਰੱਖਿਆ ਦੇ ਉਪਕਰਨ)।
- ਵਰਤੇ ਗਏ ਹੋਰ ਉਪਕਰਨ।
- ਕੰਮ ਦੀਆਂ ਪ੍ਰਕਿਰਿਆਵਾਂ।
- ਕੀਟਨਾਸ਼ਕ ਕਰਮਚਾਰੀ ਸੁਰੱਖਿਆ ਵਿਨਿਯਮ।
- ਐਮਰਜੈਂਸੀ ਪ੍ਰਕਿਰਿਆਵਾਂ ਅਤੇ ਸੰਪਰਕ।

**ਦੂਜੀ:**
- ਹਰੇਕ ਵਰਤੋਂ ਵਾਲੇ ਦਿਨ ਤੋਂ ਪਹਿਲਾਂ ਸਾਰੇ PPE ਦੀ ਲੀਕਾਂ, ਮੋਰੀਆਂ, ਫਟੇ ਹੋਣ, ਜਾਂ ਘਿਸੇ ਹੋਏ ਹਿੱਸਿਆਂ ਲਈ ਜਾਂਚ ਕਰੋ।
- ਕਿਸੇ ਵੀ ਖ਼ਰਾਬ ਹੋਏ ਉਪਕਰਨ ਦੀ ਮੁਰੰਮਤ ਕਰੋ ਜਾਂ ਉਸ ਨੂੰ ਸੁੱਟ ਦਿਓ ਅਤੇ ਬਦਲੋ।
- ਕਿਸੇ ਖਾਸ ਸੰਭਾਲਣ ਜਾਂ ਜਲਦੀ-ਦਾਖਲਾ ਗਤੀਵਿਧੀ ਲਈ ਕੀਟਨਾਸ਼ਕ ਦੇ ਲੇਬਲ ਅਤੇ ਕਾਮਿਆਂ ਦੀ ਸੁਰੱਖਿਆ ਵਿਨਿਯਮਾਂ ਦੇ ਅਨੁਸਾਰ ਲੋੜੀਂਦੇ PPE ਮੁਹੱਈਆ ਕਰੋ।
- ਜਾਣੋ ਕਿ ਕੁਝ ਖਾਸ ਇੰਜੀਨੀਅਰਿੰਗ ਨਿਯੰਤ੍ਰਣਾਂ (ਬੰਦ-ਪ੍ਰਣਾਲੀਆਂ, ਬੰਦ ਕੈਬਾਂ, ਘੁਲਣਸ਼ੀਲ ਬੈਗਾਂ) ਦੀ ਵਰਤੋਂ ਕਰਦੇ ਸਮੇਂ ਕੁਝ ਲੇਬਲ ਅਨੁਸਾਰ ਲੋੜੀਂਦੇ PPE ਨੂੰ ਕਦੋਂ ਬਦਲਿਆ ਜਾ ਸਕਦਾ ਹੈ।
- ਇਹ ਪੱਕਾ ਕਰੋ ਕਿ ਕਰਮਚਾਰੀ ਸੰਭਾਲਣ ਜਾਂ ਜਲਦੀ-ਦਾਖਲਾ ਗਤੀਵਿਧੀ ਦੇ ਪੂਰਾ ਹੋਣ ਤੱਕ ਲੋੜੀਂਦੇ PPE ਪਹਿਨਣ।
- ਇਹ ਪੱਕਾ ਕਰੋ ਕਿ ਕਰਮਚਾਰੀ ਲੋੜੀਂਦੇ PPE ਦੀ ਸਹੀ ਵਰਤੋਂ ਕਰਨ।
- PPE ਪਹਿਨਣ ਵੇਲੇ ਗਰਮੀ ਨਾਲ ਸੰਬੰਧਿਤ ਬਿਮਾਰੀ ਤੋਂ ਬਚਣ ਲਈ ਸਾਵਧਾਨੀਆਂ ਵਰਤੋ।
- ਇਹ ਯਕੀਨੀ ਬਣਾਓ ਕਿ ਹਰੇਕ ਕਰਮਚਾਰੀ ਇਨ੍ਹਾਂ ਗੱਲਾਂ ਨੂੰ ਸਮਝਦਾ ਹੈ: ਰੈਸਪੀਰੇਟਰ ਕਿਉਂ ਜ਼ਰੂਰੀ ਹੈ; ਰੈਸਪੀਰੇਟਰ ਦੀਆਂ ਸੀਮਾਵਾਂ; ਐਮਰਜੈਂਸੀ ਸਥਿਤੀਆਂ ਵਿੱਚ ਰੈਸਪੀਰੇਟਰ ਨੂੰ ਕਿਵੇਂ ਵਰਤਣਾ ਹੈ ਜਿਸ ਵਿੱਚ ਸ਼ਾਮਲ ਹੈ ਜੇ ਰੈਸਪੀਰੇਟਰ ਅਸਫਲ ਹੋ ਜਾਂਦਾ ਹੈ; ਸਟੋਰੇਜ ਅਤੇ ਸਾਂਭ-ਸੰਭਾਲ ਪ੍ਰਕਿਰਿਆਵਾਂ; ਅਤੇ ਡਾਕਟਰੀ ਲੱਛਣਾਂ ਦੀ ਪਛਾਣ ਕਰਨ ਦਾ ਤਰੀਕਾ ਜੋ ਰੈਸਪੀਰੇਟਰ ਦੀ ਪ੍ਰਭਾਵਸ਼ਾਲੀ ਵਰਤੋਂ ਨੂੰ ਸੀਮਿਤ ਕਰਦੇ ਹਨ।

**ਤੀਜੀ:**
- ਕਿਸੇ ਵੀ ਅਜਿਹੇ ਕਰਮਚਾਰੀ ਲਈ ਜੋ ਨਿਯਮਿਤ ਤੌਰ 'ਤੇ "DANGER" ਜਾਂ "WARNI NG" ਸੰਕੇਤਕ ਸ਼ਬਦ ਵਾਲੇ ਕੀਟਨਾਸ਼ਕਾਂ ਦੀ ਵਰਤੋਂ ਕਰਦਾ ਹੈ (ਗੈਰ-ਉਤਪਾਦਨ ਅਤੇ ਗੈਰ-ag ਵਰਤੋਂ ਵਾਲੀਆਂ ਸਥਿਤੀਆਂ ਸਮੇਤ): ਸਾਫ਼-ਸੁਥਰਾ ਖੇਤਰ ਮੁਹੱਈਆ ਕਰੋ ਜਿੱਥੇ ਕਰਮਚਾਰੀ ਆਪਣੇ PPE ਪਾ ਸਕਦੇ ਹਨ ਅਤੇ ਆਪਣੀ ਸੰਪਰਕ ਮਿਆਦ ਦੇ ਅੰਤ 'ਤੇ ਆਪਣੇ PPE ਉਤਾਰ ਸਕਦੇ ਹਨ।
- ਜਦੋਂ ਕਰਮਚਾਰੀ ਕੀਟਨਾਸ਼ਕਾਂ ਨੂੰ ਸੰਭਾਲਣ ਵਾਲਾ ਕੰਮ ਕਰ ਰਹੇ ਹੋਣ ਉਸ ਵੇਲੇ ਵਰਤੋਂ ਵਿੱਚ ਨਾ ਆਉਣ ਵਾਲੇ ਨਿੱਜੀ ਕੱਪੜਿਆਂ ਨੂੰ ਰੱਖਣ ਕਰਨ ਲਈ ਇੱਕ ਸਾਫ਼, ਕੀਟਨਾਸ਼ਕ-ਮੁਕਤ ਜਗ੍ਹਾ ਮੁਹੱਈਆ ਕਰੋ।
- ਕੀਟਾਣੂ-ਮੁਕਤ ਕਰਨ ਲਈ ਇੱਕ ਵਾਰ ਵਰਤੋਂ ਵਾਲੇ ਤੌਲੀਏ, ਸਾਬਣ, ਸਾਫ਼ ਵਾਧੂ ਕਵਰਆਲ, ਅਤੇ ਪ੍ਰਤੀ ਕਰਮਚਾਰੀ ਘੱਟੋ-ਘੱਟ ਤਿੰਨ ਗੈਲਨ ਪਾਣੀ ਮੁਹੱਈਆ ਕਰੋ।
- ਇਹ ਯਕੀਨੀ ਬਣਾਓ ਕਿ PPE ਤੁਹਾਡੇ ਨਿਯੰਤ੍ਰਣ ਵਿੱਚ ਰਹੇ ਅਤੇ ਕਰਮਚਾਰੀ ਸੰਭਾਵੀ ਤੌਰ 'ਤੇ ਦੂਸ਼ਿਤ PPE ਘਰ ਨਾ ਲੈ ਕੇ ਜਾਣ।

**ਚੌਥਾ:**
- ਇਹ ਪੱਕਾ ਕਰੋ ਕਿ ਦੁਬਾਰਾ ਵਰਤਿਆ ਜਾਣ ਵਾਲਾ ਕੋਈ ਵੀ PPE, ਮੁੜ ਵਰਤੋਂ ਦੇ ਹਰੇਕ ਦਿਨ ਤੋਂ ਪਹਿਲਾਂ PPE ਨਿਰਮਾਤਾ ਦੀਆਂ ਹਦਾਇਤਾਂ ਅਨੁਸਾਰ ਸਾਫ਼ ਹੋਵੇ।
- ਕਿਸੇ ਵੀ ਸੰਭਾਵੀ ਤੌਰ 'ਤੇ ਦੂਸ਼ਿਤ PPE ਨੂੰ ਦੂਜੇ ਕੱਪੜਿਆਂ ਜਾਂ ਲਾਂਡਰੀ ਤੋਂ ਵੱਖਰਾ ਸਟੋਰ ਕਰੋ ਅਤੇ/ਜਾਂ ਧੋਵੋ।
- ਕਿਸੇ ਵੀ ਸਾਫ਼ PPE ਨੂੰ ਸਟੋਰ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਹਵਾਦਾਰ ਖੇਤਰ ਵਿੱਚ ਸੁਕਾਓ।
- ਇਹ ਯਕੀਨੀ ਬਣਾਓ ਕਿ ਸੰਭਾਵੀ ਤੌਰ 'ਤੇ ਦੂਸ਼ਿਤ PPE ਨੂੰ ਸਾਫ਼ ਕਰਨ ਜਾਂ ਉਸਦੀ ਮੁਰੰਮਤ ਕਰਨ ਲਈ ਨਿਯੁਕਤ ਕੀਤੇ ਜਾਂ ਕੰਮ 'ਤੇ ਰੱਖੇ ਗਏ ਕਿਸੇ ਵੀ ਵਿਅਕਤੀ ਜਾਂ ਫਰਮ ਦੀ ਰੱਖਿਆ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਕੀਟਨਾਸ਼ਕਾਂ ਦੇ ਖ਼ਤਰਿਆਂ ਬਾਰੇ ਸੂਚਿਤ ਕੀਤਾ ਗਿਆ ਹੈ ਜਿਨ੍ਹਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ।
- ਸੁਰੱਖਿਅਤ ਰਹੋ ਅਤੇ PPE ਸਮੇਤ, ਅਜਿਹੀ ਕਿਸੇ ਵੀ ਸੋਖਣ ਵਾਲੀ ਸਮੱਗਰੀ ਨੂੰ ਸੁੱਟ ਦਿਓ ਜੋ ਕੀਟਨਾਸ਼ਕ ਨਾਲ ਦੂਸ਼ਿਤ ਹੋ ਗਈ ਹੈ।

**ਰੁਜ਼ਗਾਰਦਾਤਾ** ਕੀਟਨਾਸ਼ਕ ਦੇ ਲੇਬਲ ਅਤੇ ਖਾਸ ਸੰਭਾਲਣ ਜਾਂ ਜਲਦੀ-ਦਾਖਲਾ ਗਤੀਵਿਧੀ ਲਈ ਕਰਮਚਾਰੀ ਸੁਰੱਖਿਆ ਵਿਨਿਯਮਾਂ ਅਨੁਸਾਰ ਲੋੜੀਂਦੇ **PPE ਪ੍ਰਦਾਨ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ PPE ਉਨ੍ਹਾਂ ਦੇ ਨਿਯੰਤ੍ਰਣ ਵਿੱਚ ਰਹੇ ਅਤੇ ਕਰਮਚਾਰੀ ਸੰਭਾਵੀ ਤੌਰ 'ਤੇ ਦੂਸ਼ਿਤ PPE ਘਰ ਨਾ ਲੈ ਜਾਣ।**

## ਐਮਰਜੈਂਸੀ ਡਾਕਟਰੀ ਦੇਖਭਾਲ

***ਰੁਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ***

ਕੀਟਨਾਸ਼ਕਾਂ ਨੂੰ ਸੰਭਾਲਣ ਵਾਲੇ ਜਾਂ ਇਲਾਜ ਕੀਤੇ ਖੇਤਾਂ ਵਿੱਚ ਦਾਖਲ ਹੋਣ ਵਾਲੇ ਕਰਮਚਾਰੀਆਂ ਲਈ ਪਹਿਲਾਂ ਤੋਂ ਐਮਰਜੈਂਸੀ ਡਾਕਟਰੀ ਦੇਖਭਾਲ ਦੀ ਯੋਜਨਾ ਬਣਾਓ।

- ਅਜਿਹੀ ਸਹੂਲਤ ਲੱਭੋ ਜਿੱਥੇ ਸੰਭਾਲਣ ਵਾਲੇ-ਕਰਮਚਾਰੀਆਂ ਅਤੇ ਖੇਤ ਵਿੱਚ ਕੰਮ ਕਰਨ ਵਾਲੇ-ਕਰਮਚਾਰੀਆਂ ਦੋਵਾਂ ਲਈ ਐਮਰਜੈਂਸੀ ਦੇਖਭਾਲ ਉਪਲਬਧ ਹੋਵੇ।

- ਸੰਭਾਲਣ ਵਾਲੇ-ਕਰਮਚਾਰੀਆਂ ਅਤੇ ਖੇਤ ਵਿੱਚ ਕੰਮ ਕਰਨ ਵਾਲੇ-ਕਰਮਚਾਰੀਆਂ ਨੂੰ ਉਸ ਡਾਕਟਰ ਜਾਂ ਡਾਕਟਰੀ ਦੇਖਭਾਲ ਸਹੂਲਤ ਦਾ ਨਾਮ, ਪਤਾ ਅਤੇ ਫ਼ੋਨ ਨੰਬਰ ਦੱਸੋ ਜਿੱਥੇ ਐਮਰਜੈਂਸੀ ਡਾਕਟਰੀ ਦੇਖਭਾਲ ਉਪਲਬਧ ਹੈ।
- ਪੋਸਟਰ ਲਗਾਉਣੇ: ਰੁਜ਼ਗਾਰਦਾਤਾਵਾਂ ਨੂੰ ਅਜਿਹੀ ਸਹੂਲਤ ਲਾਜ਼ਮੀ ਨਿਯਤ ਕਰਨੀ ਚਾਹੀਦੀ ਹੈ ਜੋ ਕੀਟਨਾਸ਼ਕਾਂ ਨੂੰ ਸੰਭਾਲਣ ਵਾਲੇ ਕਰਮਚਾਰੀਆਂ ਨੂੰ ਐਮਰਜੈਂਸੀ ਦੇਖਭਾਲ ਮੁਹੱਈਆ ਕਰੇਗੀ। ਰੁਜ਼ਗਾਰਦਾਤਾ ਨੂੰ ਹਰੇਕ ਕੰਮ ਵਾਲੀ ਥਾਂ 'ਤੇ ਹੇਠ ਦਿੱਤੇ ਪੋਸਟਰ ਲਾਜ਼ਮੀ ਲਗਾਉਣੇ ਚਾਹੀਦੇ ਹਨ:

    - ਮੈਡੀਕਲ ਸਹੂਲਤ ਦਾ ਨਾਮ;
    - ਸਹੂਲਤ ਦਾ ਸਥਾਨ;
    - ਸਹੂਲਤ ਦਾ ਟੈਲੀਫ਼ੋਨ ਨੰਬਰ।

  ਪੋਸਟਰ ਕਿਸੇ ਵਾਹਨ ਦੀ ਖਿੜਕੀ ਵਿੱਚ, ਜਾਂ ਇਸਤੇਮਾਲ ਕਰਨ ਵਾਲੇ ਉਪਕਰਨਾਂ 'ਤੇ, ਜਾਂ ਕੀਟਾਣੂ-ਮੁਕਤ ਕਰਨ ਵਾਲੀਆਂ ਸਹੂਲਤਾਂ 'ਤੇ ਲਗਾਏ ਜਾ ਸਕਦੇ ਹਨ, ਜਦੋਂ ਤੱਕ ਉਹ ਕੰਮ ਕਰਨ ਵਾਲੀ ਥਾਂ 'ਤੇ ਹਨ।

- ਜੇ ਪਛਾਣੀ ਗਈ ਸਹੂਲਤ ਕੰਮ ਵਾਲੀ ਥਾਂ ਤੋਂ ਵਾਜਬ ਤੌਰ 'ਤੇ ਪਹੁੰਚਯੋਗ ਨਹੀਂ ਹੈ, ਤਾਂ ਕਰਮਚਾਰੀਆਂ ਨੂੰ ਐਮਰਜੈਂਸੀ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਲਈ ਅਪਣਾਈਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਬਾਰੇ ਸੂਚਿਤ ਕਰੋ।

ਇਹ ਯਕੀਨੀ ਬਣਾਓ ਕਿ ਕਰਮਚਾਰੀ ਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਵੇ ਜਦੋਂ:

- ਇਸ ਬਾਰੇ ਸ਼ੱਕ ਕਰਨ ਦੇ ਵਾਜਬ ਆਧਾਰ ਹਨ ਕਿ ਕਿਸੇ ਕਰਮਚਾਰੀ ਨੂੰ ਕੀਟਨਾਸ਼ਕ ਨਾਲ ਸੰਬੰਧਿਤ ਬਿਮਾਰੀ ਹੈ, ਜਾਂ
- ਕਿਸੇ ਕੀਟਨਾਸ਼ਕ ਦੇ ਨਾਲ ਸੰਪਰਕ ਹੋਇਆ ਹੈ ਜਿਸ ਨਾਲ ਕਰਮਚਾਰੀ ਦੇ ਬਿਮਾਰ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਰੁਜ਼ਗਾਰਦਾਤਾ ਨੂੰ ਉਨ੍ਹਾਂ ਦੇ ਕਰਮਚਾਰੀ ਦਾ ਇਲਾਜ ਕਰਨ ਵਾਲੇ ਡਾਕਟਰੀ ਕਰਮਚਾਰੀਆਂ ਨੂੰ ਹੇਠ ਲਿਖੀ ਜਾਣਕਾਰੀ ਲਾਜ਼ਮੀ ਮੁਹੱਈਆ ਕਰਨੀ ਚਾਹੀਦੀ ਹੈ:

- ਸੁਰੱਖਿਆ ਡੇਟਾ ਸ਼ੀਟ;
- ਉਤਪਾਦ ਦਾ ਨਾਮ;
- EPA ਰਜਿਸਟ੍ਰੇਸ਼ਨ ਨੰਬਰ;
- ਸਰਗਰਮ ਸਮੱਗਰੀ;
- ਕੀਟਨਾਸ਼ਕ ਕਿਵੇਂ ਵਰਤਿਆ ਜਾ ਰਿਹਾ ਸੀ; ਅਤੇ
- ਉਹ ਹਾਲਾਤ ਜਿਨ੍ਹਾਂ ਦੇ ਨਤੀਜੇ ਵਜੋਂ ਸੰਪਰਕ ਹੋਇਆ ਹੋ ਸਕਦਾ ਹੈ।

## ਕਰਮਚਾਰੀ ਆਵਾਜਾਈ

ਜੇ ਤੁਹਾਨੂੰ ਪਤਾ ਲੱਗ ਗਿਆ ਹੈ ਕਿ ਤੁਹਾਡਾ ਕਰਮਚਾਰੀ ਕੀਟਨਾਸ਼ਕਾਂ ਤੋਂ ਬਿਮਾਰ ਜਾਂ ਜ਼ਖ਼ਮੀ ਹੋ ਸਕਦਾ ਹੈ, ਤਾਂ ਤੁਹਾਨੂੰ ਇਹ ਲਾਜ਼ਮੀ ਪੱਕਾ ਕਰਨਾ ਚਾਹੀਦਾ ਹੈ ਕਿ ਕਰਮਚਾਰੀ ਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਵੇ। ਕਰਮਚਾਰੀ ਖੁਦ ਡ੍ਰਾਈਵ ਨਹੀਂ ਕਰ ਸਕਦੇ।

## ਇਕੱਲੇ ਕੰਮ ਕਰਨਾ

ਕੋਈ ਕਰਮਚਾਰੀ ਜੋ ਕਿਸੇ ਖੇਤੀਬਾੜੀ ਵਸਤੂ ਦੇ ਉਤਪਾਦਨ ਲਈ ਜ਼ਹਿਰੀਲੇਪਣ ਸ਼੍ਰੇਣੀ ਇੱਕ ("DANGER" ਸੰਕੇਤ ਸ਼ਬਦ) ਵਿਚਲੇ ਕੀਟਨਾਸ਼ਕ ਨੂੰ ਮਿਲਾਉਂਦਾ, ਲੋਡ ਕਰਦਾ ਜਾਂ ਇਸਤੇਮਾਲ ਕਰਦਾ ਹੈ, ਦਿਨ ਦੇ ਸਮੇਂ ਜਾਂ ਰਾਤ ਦੇ ਘੰਟਿਆਂ ਦੌਰਾਨ ਇਕੱਲੇ ਕੰਮ ਨਹੀਂ ਕਰ ਸਕਦਾ ਜਦੋਂ ਤੱਕ ਕਿ ਦਿਨ ਦੇ ਸਮੇਂ ਵੱਧ ਤੋਂ ਵੱਧ ਦੋ ਘੰਟਿਆਂ ਅਤੇ ਰਾਤ ਦੇ ਸਮੇਂ ਵੱਧ ਤੋਂ ਵੱਧ ਇੱਕ ਘੰਟੇ ਦੇ ਅੰਤਰਾਲ 'ਤੇ ਕਿਸੇ ਜ਼ਿੰਮੇਵਾਰ ਬਾਲਗ ਨਾਲ ਨਿੱਜੀ ਰੇਡੀਓ ਜਾਂ ਟੈਲੀਫ਼ੋਨ ਸੰਪਰਕ ਨਾ ਕੀਤਾ ਜਾਵੇ।

ਇੱਕ ਪਾਇਲਟ, ਮਿਕਸਰ-ਲੋਡਰ ਅਤੇ/ਜਾਂ ਫਲੈਗਰ ਟੀਮ ਨੂੰ ਇਕੱਠੇ ਕੰਮ ਕਰਨ ਵਾਲੇ ਮੰਨਿਆ ਜਾਵੇਗਾ। ਇੱਕੋ ਖੇਤ ਵਿੱਚ ਦੋ ਜ਼ਮੀਨੀ ਐਪਲੀਕੇਟਰਾਂ ਦੇ ਕੰਮ ਕਰਨ ਦੇ ਮਾਮਲੇ ਵਿੱਚ, ਜੇ ਉਹ ਇੱਕ ਦੂਜੇ ਨੂੰ ਜਾਂ ਇੱਕ ਦੂਜੇ ਦੇ ਇਸਤੇਮਾਲ ਕਰਨ ਵਾਲੇ ਵਾਹਨਾਂ ਨੂੰ ਦੇਖ ਸਕਦੇ ਹਨ ਤਾਂ ਕਿਸੇ ਵਾਧੂ ਵਿਅਕਤੀ ਦੀ ਲੋੜ ਨਹੀਂ ਹੈ।

## ਕੀਟਾਣੂ-ਮੁਕਤ ਕਰਨ ਦੀ ਸਹੂਲਤ

ਰੁਜ਼ਗਾਰਦਾਤਾਵਾਂ ਨੂੰ ਕੀਟਾਣੂ-ਮੁਕਤ ਕਰਨ ਦੀਆਂ ਸਹੂਲਤਾਂ ਲਾਜ਼ਮੀ ਮੁਹੱਈਆ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ:

- ਹਰੇਕ ਸੰਭਾਲਣ ਵਾਲੇ ਦੇ ਕੰਮ ਵਾਲੇ ਦਿਨ ਦੀ ਸ਼ੁਰੂਆਤ 'ਤੇ ਪ੍ਰਤੀ ਸੰਭਾਲਣ ਵਾਲਾ 3 ਗੈਲਨ ਪੀਣ ਯੋਗ ਪਾਣੀ
- ਸਾਬਣ
- ਸਾਫ਼, ਇੱਕ ਵਾਰ ਵਰਤੇ ਜਾਣ ਵਾਲੇ ਤੌਲੀਏ
- ਸਾਫ਼ ਕਵਰਆਲ ਦੀ ਇੱਕ ਵਾਧੂ ਜੋੜੀ

ਪਾਣੀ ਅਜਿਹੀ ਗੁਣਵੱਤਾ ਵਾਲਾ ਅਤੇ ਅਜਿਹੇ ਤਾਪਮਾਨ 'ਤੇ ਹੋਣਾ ਚਾਹੀਦਾ ਹੈ ਜੋ ਚਮੜੀ ਜਾਂ ਅੱਖਾਂ ਦੇ ਸੰਪਰਕ ਵਿੱਚ ਆਉਣ 'ਤੇ ਬਿਮਾਰੀ ਜਾਂ ਸੱਟ ਦਾ ਕਾਰਨ ਨਹੀਂ ਬਣੇਗਾ। ਇਸਨੂੰ ਕੀਟਨਾਸ਼ਕਾਂ ਨਾਲ ਮਿਲਾਉਣ ਲਈ ਵਰਤੇ ਜਾਣ ਵਾਲੇ ਪਾਣੀ ਤੋਂ ਵੱਖਰਾ ਸਟੋਰ ਕੀਤਾ ਜਾਣਾ ਚਾਹੀਦਾ ਹੈ, ਜਦੋਂ ਤੱਕ ਕਿ ਪਾਣੀ ਰੱਖਣ ਵਾਲੇ ਟੈਂਕ ਵਿੱਚ ਕੀਟਨਾਸ਼ਕਾਂ ਦੇ ਪਾਣੀ ਦੇ ਸਰੋਤ ਵਿੱਚ ਵਾਪਸੀ ਵਹਾਅ ਨੂੰ ਰੋਕਣ ਵਾਲੇ ਢੁਕਵੇਂ ਵਾਲਵ ਨਾ ਲੱਗੇ ਹੋਣ।

ਸਾਰੀਆਂ ਮਿਕਸ/ਲੋਡ ਸਾਈਟਾਂ ਵਿੱਚ ਕੀਟਾਣੂ-ਮੁਕਤ ਕਰਨ ਦੀ ਸਹੂਲਤ ਲਾਜ਼ਮੀ ਹੋਣੀ ਚਾਹੀਦੀ ਹੈ। ਕੀਟਾਣੂ-ਮੁਕਤ ਕਰਨ ਦੀਆਂ ਸਹੂਲਤਾਂ ਹਰ ਸਮੇਂ ਐਪਲੀਕੇਟਰਾਂ ਦੇ 1/4 ਮੀਲ ਦੇ ਅੰਦਰ ਸਥਿਤ ਹੋਣੀਆਂ ਚਾਹੀਦੀਆਂ ਹਨ (ਪਾਇਲਟਾਂ ਨੂੰ ਛੱਡ ਕੇ)। ਜੇ ਖੇਤ ਵੱਡਾ ਹੈ, ਤਾਂ ਸਹੂਲਤਾਂ ਵਾਹਨਾਂ ਦੀ ਪਹੁੰਚ ਦੇ ਸਭ ਤੋਂ ਨੇੜਲੇ ਸਥਾਨ 'ਤੇ ਸਥਿਤ ਹੋ ਸਕਦੀਆਂ ਹਨ।

ਮਿਕਸ/ਲੋਡ ਸਾਈਟ 'ਤੇ, ਕਰਮਚਾਰੀਆਂ ਕੋਲ ਘੱਟੋ-ਘੱਟ ਇੱਕ ਅਜਿਹੇ ਸਿਸਟਮ ਤੱਕ ਤੁਰੰਤ ਪਹੁੰਚ ਹੋਣੀ ਚਾਹੀਦੀ ਹੈ ਜੋ ਘੱਟੋ-ਘੱਟ 15 ਮਿੰਟਾਂ ਲਈ 0.4 ਗੈਲਨ ਪ੍ਰਤੀ ਮਿੰਟ ਦੀ ਦਰ ਨਾਲ ਹੌਲੀ-ਹੌਲੀ ਵਗਦਾ ਪਾਣੀ ਦੇਣ ਦੇ ਸਮਰੱਥ ਹੋਵੇ, ਜਾਂ ਜੇ ਉਤਪਾਦ ਨੂੰ ਸੁਰੱਖਿਆ ਐਨਕਾਂ ਦੀ ਲੋੜ ਹੋਵੇ ਜਾਂ ਜੇ ਬੰਦ ਮਿਕਸਿੰਗ ਸਿਸਟਮ ਵਰਤਿਆ ਜਾਂਦਾ ਹੈ ਤਾਂ 15 ਮਿੰਟਾਂ ਲਈ ਅੱਖਾਂ ਨੂੰ ਧੋਣ ਲਈ ਢੁਕਵੇਂ ਕੰਟੇਨਰਾਂ ਵਿੱਚ ਘੱਟੋ-ਘੱਟ 6 ਗੈਲਨ ਪਾਣੀ ਹੋਵੇ।

ਸਭ ਤੋਂ ਗੰਭੀਰ ਸਿਹਤ ਸੰਬੰਧੀ ਪ੍ਰਭਾਵ ਗਾੜ੍ਹੇ ਰੂਪ (ਪਾਣੀ ਵਿੱਚ ਪਤਲਾ ਕਰਨ ਤੋਂ ਪਹਿਲਾਂ) ਵਿੱਚ ਕੀਟਨਾਸ਼ਕਾਂ ਨਾਲ ਲੰਬੇ ਸਮੇਂ ਤੱਕ ਸੰਪਰਕ ਨਾਲ ਹੁੰਦੇ ਹਨ। ਐਮਰਜੈਂਸੀ ਵਿੱਚ, ਟੀਚਾ ਦੂਸ਼ਿਤ ਸਮੱਗਰੀ ਨੂੰ ਜਲਦੀ ਪਤਲਾ ਕਰਨਾ ਹੁੰਦਾ ਹੈ। ਆਮ ਤੌਰ 'ਤੇ, ਸੰਪਰਕ ਵਿੱਚ ਚਮੜੀ ਨੂੰ ਤੁਰੰਤ ਧੋਣ ਲਈ ਤਿੰਨ ਗੈਲਨ ਪਾਣੀ ਹੋਣਾ ਦਸ ਮਿੰਟ ਦੀ ਦੂਰੀ 'ਤੇ ਮੌਜੂਦ ਅਤਿ-ਆਧੁਨਿਕ ਧੋਣ ਵਾਲੀ ਸਹੂਲਤ ਨਾਲੋਂ ਵਧੇਰੇ ਮਦਦਗਾਰ ਹੁੰਦਾ ਹੈ।

ਜੇ ਤੁਹਾਨੂੰ ਪਤਾ ਲੱਗ ਗਿਆ ਹੈ ਕਿ ਤੁਹਾਡਾ ਕਰਮਚਾਰੀ ਕੀਟਨਾਸ਼ਕਾਂ ਤੋਂ ਬਿਮਾਰ ਜਾਂ ਜ਼ਖ਼ਮੀ ਹੋ ਸਕਦਾ ਹੈ, ਤਾਂ ਤੁਹਾਨੂੰ ਇਹ ਲਾਜ਼ਮੀ ਪੱਕਾ ਕਰਨਾ ਚਾਹੀਦਾ ਹੈ ਕਿ ਕਰਮਚਾਰੀ ਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਵੇ। ਧਿਆਨ ਰੱਖੋ, ਬਿਮਾਰ ਜਾਂ ਜ਼ਖ਼ਮੀ ਕਰਮਚਾਰੀ ਖੁਦ ਡ੍ਰਾਈਵ ਨਹੀਂ ਕਰ ਸਕਦੇ ਹਨ।

**ਸਾਰੀਆਂ ਮਿਕਸ/ਲੋਡ ਸਾਈਟਾਂ ਵਿੱਚ ਕੀਟਾਣੂ-ਮੁਕਤ ਕਰਨ ਦੀ ਸਹੂਲਤ ਲਾਜ਼ਮੀ ਹੋਣੀ ਚਾਹੀਦੀ ਹੈ।**

## ਖੇਤਰ ਬਦਲੋ

ਰੁਜ਼ਗਾਰਦਾਤਾਵਾਂ ਨੂੰ ਖੇਤੀਬਾੜੀ ਉਤਪਾਦਨ ਲਈ “WARNI NG” ਜਾਂ “DANGE R” ਸੰਕੇਤਕ ਸ਼ਬਦਾਂ ਵਾਲੇ ਕੀਟਨਾਸ਼ਕਾਂ ਦੀ ਸੰਭਾਲ ਕਰਨ ਵਾਲੇ ਕਰਮਚਾਰੀਆਂ ਲਈ ਇੱਕ ਤਬਦੀਲੀ ਖੇਤਰ ਲਾਜ਼ਮੀ ਮੁਹੱਈਆ ਕਰਨਾ ਚਾਹੀਦਾ ਹੈ। ਇਹ ਖੇਤਰ ਉੱਥੇ ਪ੍ਰਦਾਨ ਕੀਤਾ ਜਾਣਾ ਹੈ ਜਿੱਥੇ ਕਰਮਚਾਰੀ ਆਪਣੀ ਸੰਪਰਕ ਮਿਆਦ ਖਤਮ ਕਰਦੇ ਹਨ ਅਤੇ ਆਪਣੇ ਸੰਭਾਵੀ ਤੌਰ 'ਤੇ ਦੂਸ਼ਿਤ PPE ਨੂੰ ਹਟਾਉਂਦੇ ਹਨ। ਇਹ ਇੱਕ ਅਜਿਹਾ ਖੇਤਰ ਹੈ ਜਿੱਥੇ ਕਰਮਚਾਰੀ ਕੱਪੜੇ ਬਦਲ ਸਕਦੇ ਹਨ ਅਤੇ ਆਪਣੇ ਆਪ ਨੂੰ ਧੋ ਸਕਦੇ ਹਨ। ਰੁਜ਼ਗਾਰਦਾਤਾਵਾਂ ਨੂੰ ਇਹ ਚੀਜ਼ਾਂ ਲਾਜ਼ਮੀ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ:

- ਸਾਫ਼ ਤੌਲੀਏ
- ਸਾਬਣ
- ਚੰਗੀ ਤਰ੍ਹਾਂ ਧੋਣ ਲਈ ਲੋੜੀਂਦਾ ਪਾਣੀ
- ਕਰਮਚਾਰੀ ਦੇ ਉਨ੍ਹਾਂ ਨਿੱਜੀ ਕੱਪੜਿਆਂ ਨੂੰ ਸਟੋਰ ਕਰਨ ਲਈ ਇੱਕ ਕੀਟਨਾਸ਼ਕ-ਮੁਕਤ ਥਾਂ ਜੋ ਕਰਮਚਾਰੀ ਦੁਆਰਾ ਕੀਟਨਾਸ਼ਕਾਂ ਨੂੰ ਸੰਭਾਲਣ ਦੌਰਾਨ ਵਰਤੇ ਨਹੀਂ ਜਾ ਰਹੇ ਹਨ।

## ਬੰਦ ਮਿਕਸਿੰਗ ਸਿਸਟਮ ਅਤੇ ਹੋਰ ਇੰਜੀਨੀਅਰਿੰਗ ਨਿਯੰਤ੍ਰਣ

ਬੰਦ ਮਿਸ਼ਰਣ ਸਿਸਟਮ ਵਿੱਚ ਕੀਟਨਾਸ਼ਕਾਂ ਨੂੰ ਉਨ੍ਹਾਂ ਦੇ ਅਸਲ ਕੰਟੇਨਰ ਤੋਂ ਕੱਢਿਆ ਜਾਂਦਾ ਹੈ, ਡੱਬੇ ਨੂੰ ਧੋਇਆ ਜਾਂਦਾ ਹੈ, ਅਤੇ ਕੀਟਨਾਸ਼ਕ ਨੂੰ ਸੀਲਬੰਦ ਹੋਜ਼ਾਂ ਰਾਹੀਂ ਮਿਕਸ ਕਰਨ ਵਾਲੇ ਟੈਂਕ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਹੈ ਜਿਸ ਨਾਲ ਗਾੜ੍ਹੇ ਕੀਟਨਾਸ਼ਕਾਂ ਦੇ ਨਾਲ ਸੰਪਰਕ ਨੂੰ ਰੋਕਿਆ ਜਾਂਦਾ ਹੈ। ਜਦੋਂ ਸਹੀ ਢੰਗ ਨਾਲ ਵਰਤਿਆ ਜਾਂਦਾ ਹੈ, ਤਾਂ ਬੰਦ ਮਿਕਸਿੰਗ ਸਿਸਟਮ ਸੰਭਾਲਣ ਵਾਲਿਆਂ ਨੂੰ ਮਹੱਤਵਪੂਰਨ ਸੁਰੱਖਿਆ ਮੁਹੱਈਆ ਕਰਦੇ ਹਨ।

ਬੰਦ ਮਿਕਸਿੰਗ ਸਿਸਟਮ ਦੀ ਵਰਤੋਂ ਕਰਦੇ ਸਮੇਂ ਸੰਭਾਲਣ ਵਾਲਾ-ਕਰਮਚਾਰੀ ਸੁਰੱਖਿਆ ਵਿੱਚ ਮਨੁੱਖੀ ਖ਼ਤਰੇ ਅਤੇ ਸਾਵਧਾਨੀ ਬਿਆਨਾਂ ਵਿੱਚ ਦਿੱਤੇ ਖਾਸ ਚਮੜੀ ਦੇ ਜ਼ਹਿਰੀਲੇਪਣ ਦੇ ਅਧਾਰ 'ਤੇ ਪੱਧਰੀ ਪਹੁੰਚ ਦੀ ਪਾਲਣਾ ਕੀਤੀ ਜਾਂਦੀ ਹੈ। ਵਰਤਮਾਨ ਵਿੱਚ ਦੋ ਪੱਧਰ ਹਨ:

"ਪੱਧਰ 1": ਅਜਿਹੇ ਕੀਟਨਾਸ਼ਕ ਅਤੇ ਸਹਾਇਕ ਪਦਾਰਥ ਜਿਨ੍ਹਾਂ 'ਤੇ ਬਿਆਨ "ਚਮੜੀ ਰਾਹੀਂ ਜਜ਼ਬ ਹੋਣ 'ਤੇ ਘਾਤਕ" ਜਾਂ ਹੋਰ ਤੁਲਨਾਤਮਕ ਭਾਸ਼ਾ ਲਿਖੀ ਹੁੰਦੀ ਹੈ;

"ਪੱਧਰ 2": ਸਹਾਇਕ ਪਦਾਰਥਾਂ ਦੇ ਬਿਨਾਂ ਕੀਟਨਾਸ਼ਕ, ਜਿਨ੍ਹਾਂ 'ਤੇ ਬਿਆਨ "ਚਮੜੀ ਰਾਹੀਂ ਜਜ਼ਬ ਹੋਣ 'ਤੇ ਘਾਤਕ ਹੋ ਸਕਦੇ ਹਨ" ਜਾਂ "ਖੋਰਨਸ਼ੀਲ, ਚਮੜੀ ਨੂੰ ਨੁਕਸਾਨ ਪਹੁੰਚਾਉਂਦਾ ਹੈ" ਜਾਂ ਹੋਰ ਤੁਲਨਾਤਮਕ ਭਾਸ਼ਾ ਲਿਖੀ ਹੁੰਦੀ ਹੈ।

ਪੱਧਰ 1 ਬੰਦ ਮਿਕਸਿੰਗ ਸਿਸਟਮਾਂ ਨੂੰ ਸਹਾਇਕ ਪਦਾਰਥਾਂ ਸਮੇਤ, ਕੀਟਨਾਸ਼ਕ ਨੂੰ ਇਸਦੇ ਅਸਲ ਕੰਟੇਨਰ ਵਿੱਚੋਂ ਸਮੱਗਰੀ ਨੂੰ ਹਟਾਉਂਦੇ ਹੋਏ ਬੰਦ ਰੱਖਣ, ਅਤੇ ਹਰੇਕ ਖਾਲੀ ਕੀਤੇ ਕੰਟੇਨਰ ਨੂੰ ਬੰਦ ਮਿਕਸਿੰਗ ਸਿਸਟਮ ਨਾਲ ਜੁੜੇ ਹੋਣ 'ਤੇ ਹੀ ਪਾਣੀ ਨਾਲ ਧੋਣ ਅਤੇ ਖਾਲੀ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ। ਇਸ ਨਾਲ ਕੀਟਨਾਸ਼ਕ ਨੂੰ ਸੰਭਾਲਣ ਵਾਲਿਆਂ ਦੇ ਸੰਪਰਕ ਵਿੱਚ ਆਉਣ ਤੋਂ ਰੋਕਿਆ ਜਾ ਸਕੇਗਾ।

ਪੱਧਰ 2 ਬੰਦ ਮਿਕਸਿੰਗ ਸਿਸਟਮ ਕੀਟਨਾਸ਼ਕ ਨੂੰ ਸੰਭਾਲਣ ਵਾਲਿਆਂ ਦੇ ਸੰਪਰਕ ਵਿੱਚ ਆਉਣ ਤੋਂ ਰੋਕਦੇ ਹਨ; ਹਾਲਾਂਕਿ, ਇਸ ਵਿੱਚ ਸਿਸਟਮ ਨਾਲ ਜੁੜੇ ਰਹਿਣ ਦੌਰਾਨ ਕੰਟੇਨਰ ਨੂੰ ਧੋਣ ਦੀ ਲੋੜ ਨਹੀਂ ਹੁੰਦੀ ਹੈ।

ਰੁਜ਼ਗਾਰਦਾਤਾਵਾਂ ਨੂੰ ਉਨ੍ਹਾਂ ਕਰਮਚਾਰੀਆਂ ਲਈ "ਪੱਧਰ 1" ਕਿਸਮ ਦਾ ਬੰਦ ਮਿਕਸਿੰਗ ਸਿਸਟਮ ਮੁਹੱਈਆ ਕਰਨਾ ਚਾਹੀਦਾ ਹੈ ਜੋ ਸਹਾਇਕ ਪਦਾਰਥਾਂ ਸਮੇਤ "ਪੱਧਰ 1" ਤਰਲ ਕੀਟਨਾਸ਼ਕਾਂ ਨੂੰ ਮਿਲਾਉਂਦੇ ਹਨ, ਜਾਂ ਉਨ੍ਹਾਂ ਕਰਮਚਾਰੀਆਂ ਲਈ "ਪੱਧਰ 2" ਕਿਸਮ ਦਾ ਬੰਦ ਸਿਸਟਮ ਮੁਹੱਈਆ ਕਰਨਾ ਚਾਹੀਦਾ ਹੈ ਜੋ ਸਹਾਇਕ ਪਦਾਰਥਾਂ ਦੇ ਬਿਨਾਂ, "ਪੱਧਰ 2" ਤਰਲ ਕੀਟਨਾਸ਼ਕਾਂ ਨੂੰ ਮਿਲਾਉਂਦੇ ਹਨ।

ਛੋਟਾਂ:

- ਕੀਟਨਾਸ਼ਕਾਂ ਨੂੰ ਕਿਸੇ ਅਜਿਹੇ ਢੰਗ ਜਾਂ ਡਿਵਾਈਸ ਨਾਲ ਮਿਲਾਉਣਾ ਜੋ ਰਜਿਸਟਰਡ ਲੇਬਲ ਦੇ ਵਿਰੁੱਧ ਹੋਵੇਗਾ।
- ਕਿਸੇ ਵੀ ਸਮੱਗਰੀ ਨੂੰ ਹਟਾਏ ਬਿਨਾਂ ਨਿਰਮਾਤਾ ਦੀ ਅਸਲ ਸੀਲ ਨੂੰ ਹਟਾ ਕੇ ਕੰਟੇਨਰ ਨੂੰ ਖੋਲ੍ਹਣਾ, ਫਿਰ ਇਸਨੂੰ ਤਰਲ-ਰੋਧਕ ਸੀਲਿੰਗ ਡਿਵਾਈਸ ਨਾਲ ਦੁਬਾਰਾ ਬੰਦ ਕਰਨਾ।
- ਰੈਗੂਲੇਟਰੀ ਕਰਮਚਾਰੀਆਂ ਦੁਆਰਾ ਕੀਟਨਾਸ਼ਕਾਂ ਦੇ ਨਮੂਨੇ ਇਕੱਤਰ ਕਰਨਾ।
- ਦੁਬਾਰਾ ਭਰਨ ਵਾਲੇ ਕੰਟੇਨਰ ਜਿਨ੍ਹਾਂ ਨੂੰ ਡੀਲਰ, ਨਿਰਮਾਤਾ, ਜਾਂ ਰਜਿਸਟ੍ਰੈਂਟ ਨੂੰ ਵਾਪਸ ਕਰਨ ਦੀ ਲੋੜ ਹੈ, ਉਨ੍ਹਾਂ ਨੂੰ ਧੋਣ ਦੀ ਲੋੜ ਨਹੀਂ ਹੁੰਦੀ।
- ਪੱਧਰ 2 ਸਿਸਟਮ ਦੀ ਵਰਤੋਂ ਕਰਨ ਵਾਲੇ ਕਰਮਚਾਰੀ ਨੂੰ ਛੋਟ ਦਿੱਤੀ ਜਾਂਦੀ ਹੈ ਜੇ ਉਹ ਰੋਜ਼ਾਨਾ ਵੱਧ ਤੋਂ ਵੱਧ ਇੱਕ ਗੈਲਨ ਜਾਂ ਘੱਟ ਨੂੰ ਸੰਭਾਲਦਾ ਹੈ।

ਕਿਸੇ ਵੀ ਕੀਟਨਾਸ਼ਕ ਨਾਲ ਕੰਮ ਕਰਨ ਤੋਂ ਪਹਿਲਾਂ **ਕਰਮਚਾਰੀਆਂ ਨੂੰ** ਸੁਰੱਖਿਅਤ ਤਰੀਕੇ ਨਾਲ ਸੰਭਾਲਣ ਪ੍ਰਕਿਰਿਆਵਾਂ ਵਿੱਚ ਸਿਖਲਾਈ ਲਾਜ਼ਮੀ ਦਿੱਤੀ ਜਾਣੀ ਚਾਹੀਦੀ ਹੈ।

**ਕਰਮਚਾਰੀਆਂ ਨੂੰ ਸੂਚਿਤ ਕਰੋ** ਕਿ ਉਨ੍ਹਾਂ ਨੂੰ ਕੀਟਨਾਸ਼ਕਾਂ ਦੀ ਵਰਤੋਂ ਦੇ ਨਿਰੀਖਣ ਦੌਰਾਨ ਆਪਣੀ ਸੰਭਾਲਣ ਵਾਲੇ ਲਈ ਸਿਖਲਾਈ ਦੀ ਸਮਝ ਦਾ ਪ੍ਰਦਰਸ਼ਨ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

## ਕਰਮਚਾਰੀ ਸਿਖਲਾਈ ਪ੍ਰੋਗਰਾਮ

ਤੁਹਾਡੇ ਕੰਮ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਬਾਰੇ ਸਮਝਣ ਵਿੱਚ ਕਾਮਿਆਂ ਦੀ ਮਦਦ ਕਰਨ, ਸੁਰੱਖਿਅਤ ਢੰਗ ਨਾਲ ਕੰਮ ਕਰਨ ਵਿੱਚ ਕਰਮਚਾਰੀਆਂ ਦੀ ਮਦਦ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਦੁਰਘਟਨਾਵਾਂ ਨੂੰ ਸਹੀ ਢੰਗ ਨਾਲ ਸੰਭਾਲਿਆ ਜਾਵੇ, ਕਰਮਚਾਰੀਆਂ ਸੁਰੱਖਿਆ ਵਿਨਿਯਮ ਲਾਗੂ ਹਨ।

ਕਰਮਚਾਰੀਆਂ ਨੂੰ ਕੀਟਨਾਸ਼ਕਾਂ ਦੀ ਸੁਰੱਖਿਅਤ ਵਰਤੋਂ ਵਿੱਚ ਸਿਖਲਾਈ ਲਾਜ਼ਮੀ ਦਿੱਤੀ ਜਾਣੀ ਚਾਹੀਦੀ ਹੈ (ਕੀਟਨਾਸ਼ਕ ਹੈਂਡਲਰ ਸਿਖਲਾਈ ਪ੍ਰੋਗਰਾਮ); ਉਨ੍ਹਾਂ ਕੋਲ ਕੀਟਨਾਸ਼ਕਾਂ ਨਾਲ ਕੰਮ ਕਰਨ ਦੇ ਖ਼ਤਰਿਆਂ ਬਾਰੇ ਜਾਣਕਾਰੀ ਤੱਕ ਪਹੁੰਚ ਹੋਣੀ ਚਾਹੀਦੀ ਹੈ (ਖ਼ਤਰੇ ਦਾ ਸੰਚਾਰ) ਅਤੇ ਉਨ੍ਹਾਂ ਦੇ ਰੁਜ਼ਗਾਰਦਾਤਾ ਦੁਆਰਾ ਉਨ੍ਹਾਂ ਦੀ ਕੰਮ ਵਾਲੀ ਥਾਂ ਤੋਂ 1/4 ਮੀਲ ਦੇ ਅੰਦਰ ਕੀਤੇ ਗਏ ਇਸਤੇਮਾਲਾਂ ਦੀ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ (ਇਸਤੇਮਾਲ-ਸੰਬੰਧੀ ਜਾਣਕਾਰੀ)।

## ਕੀਟਨਾਸ਼ਕ ਹੈਂਡਲਰ ਸਿਖਲਾਈ ਪ੍ਰੋਗਰਾਮ

ਕਿਸੇ ਵੀ ਕੀਟਨਾਸ਼ਕ ਨਾਲ ਕੰਮ ਕਰਨ ਤੋਂ ਪਹਿਲਾਂ ਕਰਮਚਾਰੀਆਂ ਨੂੰ ਸੁਰੱਖਿਅਤ ਢੰਗ ਨਾਲ ਸੰਭਾਲਣ ਦੀਆਂ ਪ੍ਰਕਿਰਿਆਵਾਂ ਵਿੱਚ ਸਿਖਲਾਈ ਲਾਜ਼ਮੀ ਦਿੱਤੀ ਜਾਣੀ ਚਾਹੀਦੀ ਹੈ। ਸਿਖਲਾਈ ਦਾ ਆਯੋਜਨ ਕਿਸੇ ਯੋਗਤਾ ਪ੍ਰਾਪਤ ਟ੍ਰੇਨਰ ਦੁਆਰਾ ਕੀਤਾ ਜਾਣਾ ਚਾਹੀਦਾ ਹੈ। (ਯੋਗ ਟ੍ਰੇਨਰ ਸੰਬੰਧੀ ਲੋੜਾਂ ਲਈ ਅਗਲਾ ਭਾਗ ਦੇਖੋ)।

ਕੀਟਨਾਸ਼ਕ ਹੈਂਡਲਰ ਸਿਖਲਾਈ ਵਿੱਚ ਰੁਜ਼ਗਾਰਦਾਤਾ ਦੇ ਲਿਖਤੀ ਹੈਂਡਲਰ ਸਿਖਲਾਈ ਪ੍ਰੋਗਰਾਮ ਫਾਰਮ ਅਤੇ ਹੈਂਡਲਰ ਸੁਰੱਖਿਆ ਸਿਖਲਾਈ ਰਿਕਾਰਡ ਫਾਰਮ (ਕਾਉਂਟੀ ਐਗਰੀਕਲਚਰਲ ਕਮਿਸ਼ਨਰ ਜਾਂ DPR ਦੀ ਵੈੱਬਸਾਈਟ ਰਾਹੀਂ ਉਪਲਬਧ) 'ਤੇ ਸੂਚੀਬੱਧ ਲੋੜੀਂਦੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਕਰਮਚਾਰੀਆਂ ਨੂੰ ਹਰ ਸਾਲ ਕੀਟਨਾਸ਼ਕ ਹੈਂਡਲਰ ਸਿਖਲਾਈ ਲਾਜ਼ਮੀ ਮਿਲਣੀ ਚਾਹੀਦੀ ਹੈ।

ਸਿਖਲਾਈ ਕਿਸੇ ਅਜਿਹੇ ਸਥਾਨ 'ਤੇ ਆਯੋਜਿਤ ਕੀਤੀ ਜਾਵੇਗੀ ਜਿੱਥੇ ਕੋਈ ਧਿਆਨ ਭਟਕਾਉਣ ਵਾਲੀ ਚੀਜ਼ ਨਾ ਹੋਵੇ ਅਤੇ ਪੂਰੀ ਪੇਸ਼ਕਾਰੀ ਦੌਰਾਨ ਟ੍ਰੇਨਰ(ਟ੍ਰੇਨਰਾਂ) ਨੂੰ ਮੌਜੂਦ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਰੁਜ਼ਗਾਰਦਾਤਾਵਾਂ ਨੂੰ ਵਰਤੋਂ ਤੋਂ ਪਹਿਲਾਂ ਕਰਮਚਾਰੀਆਂ ਨਾਲ ਕੀਟਨਾਸ਼ਕ ਸੰਬੰਧੀ ਖਾਸ ਲੇਬਲ ਅਤੇ ਵਿਨਿਯਮ ਸੰਬੰਧੀ ਲੋੜਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਸਮੱਗਰੀ ਦੇ ਸੰਭਾਵੀ ਸਿਹਤ ਸੰਬੰਧੀ ਖ਼ਤਰਿਆਂ ਅਤੇ ਪਹਿਨਣ ਵਾਲੇ PPE 'ਤੇ ਜ਼ੋਰ ਦਿਓ।

ਸਿਖਲਾਈ ਸੈਸ਼ਨਾਂ ਨੂੰ ਲਾਜ਼ਮੀ ਦਰਜ ਕੀਤਾ ਜਾਣਾ ਚਾਹੀਦਾ ਹੈ। ਸਿਖਲਾਈ ਦਿੱਤੇ ਗਏ ਹਰੇਕ ਕਰਮਚਾਰੀ ਲਈ ਇੱਕ ਫਾਰਮ ਭਰੋ ਅਤੇ ਜਿੱਥੇ ਸੰਕੇਤ ਦਿੱਤਾ ਗਿਆ ਹੈ, ਉਨ੍ਹਾਂ ਤੋਂ ਦਸਤਖ਼ਤ ਕਰਵਾਓ। ਫਾਰਮ ਵਿੱਚ ਕਰਮਚਾਰੀ ਦਾ ਸਾਫ਼ ਅੱਖਰਾਂ ਵਿੱਚ ਨਾਮ ਅਤੇ ਦਸਤਖ਼ਤ; ਸਿਖਲਾਈ ਦੀ ਮਿਤੀ; ਵਰਤੀ ਗਈ ਸਿਖਲਾਈ ਸਮੱਗਰੀ ਦਾ(ਦੇ) ਸਿਰਲੇਖ ਅਤੇ ਸਰੋਤ; ਰੁਜ਼ਗਾਰਦਾਤਾ ਦਾ ਨਾਮ; ਅਤੇ ਟ੍ਰੇਨਰ ਦਾ ਨਾਮ ਅਤੇ ਯੋਗਤਾਵਾਂ ਲਾਜ਼ਮੀ ਸ਼ਾਮਲ ਹੋਣੀਆਂ ਚਾਹੀਦੀਆਂ ਹਨ।

ਕਰਮਚਾਰੀਆਂ ਨੂੰ ਸੂਚਿਤ ਕਰੋ ਕਿ ਕੀਟਨਾਸ਼ਕਾਂ ਦੀ ਵਰਤੋਂ ਦੇ ਨਿਰੀਖਣ ਦੌਰਾਨ ਉਨ੍ਹਾਂ ਨੂੰ ਸਿਖਲਾਈ ਦੀ ਆਪਣੀ ਸਮਝ ਦਾ ਪ੍ਰਦਰਸ਼ਨ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਇੰਸਪੈਕਟਰ PPE ਦੀ ਵਰਤੋਂ ਅਤੇ ਕੀਟਨਾਸ਼ਕ ਸਿਖਲਾਈ ਵਿਸ਼ਿਆਂ ਦੇ ਗਿਆਨ ਦੇ ਆਧਾਰ 'ਤੇ ਕੀਟਨਾਸ਼ਕ ਹੈਂਡਲਰ ਦੀ ਸਿਖਲਾਈ ਦਾ ਪੱਧਰ ਨਿਰਧਾਰਤ ਕਰਨਗੇ।

## ਰੁਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ

ਜੇ ਤੁਹਾਡੇ ਸਾਰੇ ਕਰਮਚਾਰੀ ਪ੍ਰਮਾਣਿਤ ਐਪਲੀਕੇਟਰ ਹਨ, ਤਾਂ ਉਨ੍ਹਾਂ ਨੂੰ ਸਿਖਲਾਈ ਪ੍ਰਾਪਤ ਮੰਨਿਆ ਜਾਂਦਾ ਹੈ।

- ਯਕੀਨੀ ਬਣਾਓ ਕਿ ਕੀਟਨਾਸ਼ਕਾਂ ਨੂੰ ਸੰਭਾਲਣ ਵਾਲੇ ਹਰੇਕ ਕਰਮਚਾਰੀ ਨੂੰ ਕੀਟਨਾਸ਼ਕਾਂ ਨੂੰ ਵਰਤਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਆਮ ਕੀਟਨਾਸ਼ਕ ਸੁਰੱਖਿਆ ਅਤੇ ਸਹੀ ਕੀਟਨਾਸ਼ਕ-ਸੰਭਾਲ ਪ੍ਰਕਿਰਿਆਵਾਂ ਬਾਰੇ ਸਹੀ ਢੰਗ ਨਾਲ ਸਿਖਲਾਈ ਦਿੱਤੀ ਗਈ ਹੈ।
- ਆਪਣੇ ਸੰਭਾਲਣ ਵਾਲੇ-ਕਰਮਚਾਰੀਆਂ ਲਈ ਰੁਜ਼ਗਾਰਦਾਤਾ ਦਾ ਲਿਖਤੀ ਹੈਂਡਲਰ ਸਿਖਲਾਈ ਪ੍ਰੋਗਰਾਮ ਫਾਰਮ ਅਤੇ ਹੈਂਡਲਰ ਸੁਰੱਖਿਆ ਸਿਖਲਾਈ ਰਿਕਾਰਡ ਫਾਰਮ (ਕਾਉਂਟੀ ਐਗਰੀਕਲਚਰਲ ਕਮਿਸ਼ਨਰ ਜਾਂ DPR ਦੀ ਵੈੱਬਸਾਈਟ ਰਾਹੀਂ ਉਪਲਬਧ) ਭਰੋ ਜਿਸ ਵਿੱਚ ਸਮੱਗਰੀਆਂ (ਅਧਿਐਨ ਗਾਈਡਾਂ, ਪੈਂਫਲੇਟ, ਕੀਟਨਾਸ਼ਕ ਉਤਪਾਦ ਲੇਬਲ, ਲਾਗੂ ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ (PSIS) ਪਰਚੇ, ਸੁਰੱਖਿਆ ਡੇਟਾ ਸ਼ੀਟਾਂ (SDS), ਸਲਾਈਡਾਂ, ਕਿਤਾਬਾਂ, ਵਿਜ਼ੂਅਲ ਮੀਡੀਆ, ਆਦਿ) ਅਤੇ ਜਾਣਕਾਰੀ ਦਿੱਤੀ ਗਈ ਹੈ ਜਿਸ ਨੂੰ ਵਰਤਿਆ ਜਾਵੇਗਾ, ਅਤੇ ਉਸ ਵਿਅਕਤੀ ਜਾਂ ਫਰਮ ਦੀ ਪਛਾਣ ਕਰੋ ਜੋ ਸਿਖਲਾਈ ਮੁਹੱਈਆ ਕਰਨਗੇ। (ਧਿਆਨ ਦਿਓ: PSIS ਪਰਚੇ ਕੀਟਨਾਸ਼ਕਾਂ ਦੇ ਖ਼ਤਰਿਆਂ ਦੇ DPR ਸਾਰ ਹੁੰਦੇ ਹਨ ਅਤੇ SDS ਕੀਟਨਾਸ਼ਕ ਨਿਰਮਾਤਾ ਦੁਆਰਾ ਤਿਆਰ ਕੀਤੇ ਗਏ ਕੀਟਨਾਸ਼ਕ-ਵਿਸ਼ੇਸ਼ ਸੁਰੱਖਿਆ ਸਾਰ ਹੁੰਦੇ ਹਨ ਅਤੇ ਉੱਥੇ ਉਪਲਬਧ ਹੁੰਦੇ ਹਨ ਜਿੱਥੇ ਕੀਟਨਾਸ਼ਕ ਵੇਚੇ ਜਾਂਦੇ ਹਨ)।
- ਕਿਸੇ ਵੀ ਨਵੇਂ ਕੀਟਨਾਸ਼ਕਾਂ ਨੂੰ ਕਵਰ ਕਰਨ ਲਈ ਸੰਭਾਲਣ ਵਾਲਾ-ਕਰਮਚਾਰੀ ਸਿਖਲਾਈ ਨੂੰ ਲਗਾਤਾਰ ਅੱਪਡੇਟ ਕਰੋ, ਅਤੇ ਜੇ ਤੁਸੀਂ ਨਵਾਂ ਕੀਟਨਾਸ਼ਕ ਵਰਤਦੇ ਹੋ, ਤਾਂ ਤੁਹਾਨੂੰ ਉਸ ਕੀਟਨਾਸ਼ਕ ਦੀ ਵਰਤੋਂ ਕਰਨ ਤੋਂ ਪਹਿਲਾਂ ਨਵੇਂ ਕੀਟਨਾਸ਼ਕ ਲੇਬਲ 'ਤੇ ਸਿਖਲਾਈ ਦੇਣੀ ਚਾਹੀਦੀ ਹੈ।
- ਸਿਖਲਾਈ ਨੂੰ ਸਾਲਾਨਾ ਆਧਾਰ 'ਤੇ ਦੁਹਰਾਓ।
- ਤੁਹਾਡੇ ਸੰਭਾਲਣ ਵਾਲੇ-ਕਰਮਚਾਰੀਆਂ ਦੁਆਰਾ ਵਰਤੇ ਜਾਣ ਵਾਲੇ ਹਰੇਕ ਖਾਸ ਕੀਟਨਾਸ਼ਕ (ਉਦਾਹਰਨ ਲਈ: ਰਾਊਂਡਅੱਪ ਪ੍ਰੋ) ਲਈ ਜਾਂ ਕਿਰਿਆਸ਼ੀਲ ਤੱਤ (ਉਦਾਹਰਨ ਲਈ: ਗਲਾਈਫੋਸੇਟ) ਦੇ ਅਨੁਸਾਰ ਹੇਠਾਂ ਦਿੱਤੇ ਵਿਸ਼ਿਆਂ ਨੂੰ ਕਵਰ ਕਰੋ।

**ਲਿਖਤੀ ਸਿਖਲਾਈ ਪ੍ਰੋਗਰਾਮ**

ਰੁਜ਼ਗਾਰਦਾਤਾਵਾਂ ਨੂੰ ਕਰਮਚਾਰੀਆਂ ਨੂੰ ਸਿਖਲਾਈ ਦੇਣ ਲਈ ਵਰਤੇ ਜਾਣ ਵਾਲੇ ਵੀਡੀਓ, ਪੈਂਫਲੇਟ ਅਤੇ ਹੋਰ ਸਮੱਗਰੀ ਦਾ ਦਸਤਾਵੇਜ਼ੀਕਰਨ ਲਾਜ਼ਮੀ ਕਰਨਾ ਚਾਹੀਦਾ ਹੈ। ਰੁਜ਼ਗਾਰਦਾਤਾ ਦੇ ਲਿਖਤੀ ਹੈਂਡਲਰ ਸਿਖਲਾਈ ਪ੍ਰੋਗਰਾਮ (ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਜਾਂ DPR ਦੀ ਵੈੱਬਸਾਈਟ ਰਾਹੀਂ ਉਪਲਬਧ) ਫਾਰਮ ਨੂੰ ਪੂਰਾ ਕਰਨਾ ਇਸ ਲੋੜ ਨੂੰ ਪੂਰਾ ਕਰਦਾ ਹੈ।

ਕਿਸੇ ਵੀ ਨਵੇਂ ਕੀਟਨਾਸ਼ਕ ਨੂੰ ਕਵਰ ਕਰਨ ਲਈ ਜਿਨ੍ਹਾਂ ਨੂੰ ਸੰਭਾਲਿਆ ਜਾਣਾ ਹੈ **ਸੰਭਾਲਣ ਵਾਲਾ-ਕਰਮਚਾਰੀ ਸਿਖਲਾਈ ਨੂੰ ਲਗਾਤਾਰ ਅੱਪਡੇਟ ਕਰੋ** ਅਤੇ ਸਿਖਲਾਈ ਨੂੰ ਸਾਲਾਨਾ ਆਧਾਰ 'ਤੇ ਦੁਹਰਾਓ।

**ਪੱਕਾ ਕਰੋ ਕਿ ਤੁਸੀਂ ਇਨ੍ਹਾਂ ਚੀਜ਼ਾਂ ਨੂੰ ਜ਼ਰੂਰ ਕਰਦੇ ਹੋ:**

1. ਕੀਟਨਾਸ਼ਕ ਉਤਪਾਦ ਦੇ ਲੇਬਲ ਨੂੰ ਪੜ੍ਹਨ ਅਤੇ ਸਮਝਣ ਦਾ ਤਰੀਕਾ।
2. ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਸਮੇਂ ਇਹ ਜ਼ਿੰਮੇਵਾਰੀ ਐਪਲੀਕੇਟਰ ਦੀ ਹੈ ਕਿ ਵਿਅਕਤੀਆਂ, ਜਾਨਵਰਾਂ ਅਤੇ ਜਾਇਦਾਦ ਦੀ ਰੱਖਿਆ ਕੀਤੀ ਜਾਵੇ ਅਤੇ ਕੀਟਨਾਸ਼ਕਾਂ ਨੂੰ ਇਸ ਤਰੀਕੇ ਨਾਲ ਨਾ ਇਸਤੇਮਾਲ ਕੀਤਾ ਜਾਵੇ ਜਿਸ ਦੇ ਨਤੀਜੇ ਵਜੋਂ ਅਜਿਹੇ ਲੋਕ ਇਸਦੇ ਸੰਪਰਕ ਵਿੱਚ ਆਉਣ ਜੋ ਇਸਤੇਮਾਲ ਕਰਨ ਦੀ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹਨ।
3. ਕਿਸੇ ਵੀ ਲੋੜੀਂਦੇ PPE ਦੀ ਲੋੜ, ਸੀਮਾਵਾਂ, ਢੁਕਵੀਂ ਵਰਤੋਂ, ਉਨ੍ਹਾਂ ਨੂੰ ਹਟਾਉਣਾ ਅਤੇ ਕੀਟਾਣੂ-ਮੁਕਤ ਕਰਨਾ।
4. ਕੀਟਨਾਸ਼ਕਾਂ ਨੂੰ ਸੰਭਾਲਣ, ਇਨ੍ਹਾਂ ਦੀ ਢੋਆ-ਢੁਆਈ ਕਰਨ, ਇਨ੍ਹਾਂ ਨੂੰ ਸਟੋਰ ਕਰਨ ਅਤੇ ਇਨ੍ਹਾਂ ਦਾ ਨਿਪਟਾਰਾ ਕਰਨ ਲਈ ਇੰਜੀਨੀਅਰਿੰਗ ਨਿਯੰਤ੍ਰਣ (ਬੰਦ ਮਿਕਸਿੰਗ ਸਿਸਟਮ, ਬੰਦ ਕੈਬ) ਸਮੇਤ ਸੁਰੱਖਿਆ ਲੋੜਾਂ ਅਤੇ ਪ੍ਰਕਿਰਿਆਵਾਂ।
5. ਵਾਤਾਵਰਣ ਸੰਬੰਧੀ ਚਿੰਤਾਵਾਂ (ਵਹਾਅ, ਪ੍ਰਵਾਹ ਅਤੇ ਜੰਗਲੀ ਜੀਵਾਂ ਨੂੰ ਖ਼ਤਰੇ)।
6. ਡਾਕਟਰੀ ਨਿਗਰਾਨੀ ਦੇ ਉਦੇਸ਼ ਅਤੇ ਲੋੜਾਂ, (ਜੇ "DANGER" ਜਾਂ "WARNING" ਸੰਕੇਤਕ ਸ਼ਬਦ ਵਾਲੇ ਆਰਗਨੋਫਾਸਫੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਨੂੰ ਮਿਲਾਇਆ, ਲੋਡ ਜਾਂ ਇਸਤੇਮਾਲ ਕੀਤਾ ਜਾਂਦਾ ਹੈ)।
7. ਤਰੀਕੇ ਜਿਨ੍ਹਾਂ ਨਾਲ ਕੀਟਨਾਸ਼ਕ ਸਰੀਰ ਵਿੱਚ ਦਾਖਲ ਹੋ ਸਕਦੇ ਹਨ।
8. ਸੰਪਰਕ ਦੇ ਚਿੰਨ੍ਹ ਅਤੇ ਲੱਛਣ।
9. ਐਮਰਜੈਂਸੀ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਦਾ ਤਰੀਕਾ।
10. ਰੁਟੀਨ ਅਤੇ ਐਮਰਜੈਂਸੀ ਕੀਟਾਣੂ-ਮੁਕਤ ਕਰਨ ਦੀਆਂ ਪ੍ਰਕਿਰਿਆਵਾਂ, ਜਿਸ ਵਿੱਚ ਡੁੱਲ੍ਹ ਗਏ ਕੀਟਨਾਸ਼ਕ ਨੂੰ ਸਾਫ਼ ਕਰਨਾ ਅਤੇ ਸੰਪਰਕ ਦੀ ਮਿਆਦ ਤੋਂ ਬਾਅਦ ਸਾਬਣ ਅਤੇ ਗਰਮ ਪਾਣੀ ਨਾਲ ਚੰਗੀ ਤਰ੍ਹਾਂ ਸ਼ਾਵਰ ਲੈਣ ਦੀ ਲੋੜ ਸ਼ਾਮਲ ਹੈ।
11. ਕੈਲੀਫੋਰਨੀਆ ਕੋਡ ਔਫ਼ ਰੈਗੂਲੇਸ਼ਨ ਸੈਕਸ਼ਨ 3395 ਦੇ ਟਾਈਟਲ 8 ਦੇ ਅਨੁਸਾਰ, ਗਰਮੀ ਨਾਲ ਸੰਬੰਧਿਤ ਬਿਮਾਰੀਆਂ ਦੀ ਰੋਕਥਾਮ, ਪਛਾਣ ਅਤੇ ਮੁਢਲੀ ਡਾਕਟਰੀ ਸਹਾਇਤਾ।
12. ਕੀਟਨਾਸ਼ਕਾਂ ਜਾਂ ਕੀਟਨਾਸ਼ਕਾਂ ਦੇ ਕੰਟੇਨਰਾਂ ਨੂੰ ਘਰ ਲਿਜਾਣ ਬਾਰੇ ਚਿਤਾਵਨੀਆਂ।
13. ਕੀਟਨਾਸ਼ਕ ਸੁਰੱਖਿਆ ਸੰਬੰਧੀ ਲੋੜਾਂ (PSIS, SDS)।
14. ਲਿਖਤੀ "ਕੀਟਨਾਸ਼ਕਾਂ ਨੂੰ ਸੰਭਾਲਣ ਵਾਲੇ ਕਰਮਚਾਰੀਆਂ ਲਈ ਖ਼ਤਰੇ ਦੇ ਸੰਚਾਰ ਬਾਰੇ ਜਾਣਕਾਰੀ" (DPR ਲੀਫਲੈਟ PSIS A-8), ਹੋਰ PSIS ਅਤੇ SDS ਜਾਣਕਾਰੀ ਦਾ ਸਥਾਨ।

15. ਕਰਮਚਾਰੀ ਦੇ ਅਧਿਕਾਰ:
    - ਉਨ੍ਹਾਂ ਕੀਟਨਾਸ਼ਕਾਂ ਬਾਰੇ ਵਿਅਕਤੀਗਤ ਤੌਰ 'ਤੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਜਿਨ੍ਹਾਂ ਦੇ ਉਹ ਸੰਪਰਕ ਵਿੱਚ ਆ ਸਕਦੇ ਹਨ।
    - ਉਨ੍ਹਾਂ ਦੇ ਡਾਕਟਰ ਜਾਂ ਕਰਮਚਾਰੀ ਪ੍ਰਤਿਨਿਧੀ ਲਈ ਉਨ੍ਹਾਂ ਕੀਟਨਾਸ਼ਕਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਜਿਨ੍ਹਾਂ ਦੇ ਸੰਪਰਕ ਵਿੱਚ ਉਹ ਆ ਸਕਦੇ ਹਨ।
    - ਇਨ੍ਹਾਂ ਵਿੱਚੋਂ ਕਿਸੇ ਵੀ ਅਧਿਕਾਰ ਦੀ ਵਰਤੋਂ ਕਰਨ ਕਰਕੇ ਬਦਲੇ ਦੀ ਕਾਰਵਾਈ ਤੋਂ ਸੁਰੱਖਿਅਤ ਰਹਿਣ ਦਾ ਅਧਿਕਾਰ।

- ਉਨ੍ਹਾਂ ਕਰਮਚਾਰੀਆਂ ਲਈ ਸਿਖਲਾਈ ਆਯੋਜਿਤ ਕਰਨ ਲਈ ਯੋਗਤਾ ਪ੍ਰਾਪਤ ਟ੍ਰੇਨਰ ਦੀ ਵਰਤੋਂ ਕਰੋ ਜੋ ਖੇਤੀਬਾੜੀ ਉਤਪਾਦ ਦੇ ਵਪਾਰਕ ਜਾਂ ਖੋਜ ਸੰਬੰਧੀ ਉਤਪਾਦਨ ਲਈ ਕੀਟਨਾਸ਼ਕਾਂ ਨੂੰ ਸੰਭਾਲਣਗੇ। ਸਿਖਲਾਈ ਆਯੋਜਿਤ ਕਰਨ ਵਾਲੇ ਵਿਅਕਤੀ ਨੂੰ ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਦੇ ਤੌਰ 'ਤੇ ਯੋਗਤਾ ਪ੍ਰਾਪਤ ਹੋਣਾ ਚਾਹੀਦਾ ਹੈ:
    1. ਕੈਲੀਫੋਰਨੀਆ ਪ੍ਰਮਾਣਿਤ ਵਪਾਰਕ ਐਪਲੀਕੇਟਰ।
    2. ਕੈਲੀਫੋਰਨੀਆ ਪ੍ਰਮਾਣਿਤ ਪ੍ਰਾਈਵੇਟ ਐਪਲੀਕੇਟਰ। (ਕਾਉਂਟੀ ਦੁਆਰਾ ਜਾਰੀ ਕੀਤਾ ਗਿਆ ਪ੍ਰਾਈਵੇਟ ਐਪਲੀਕੇਟਰ ਸਰਟੀਫਿਕੇਟ (PAC)। ਜ਼ਿਆਦਾਤਰ ਉਤਪਾਦਕ PAC ਨਾਲ ਯੋਗਤਾ ਪੂਰੀ ਕਰਦੇ ਹਨ)।
    3. ਕੋਈ ਵਿਅਕਤੀ ਜਿਸ ਕੋਲ ਡਿਪਾਰਟਮੈਂਟ ਔਫ਼ ਫੂਡ ਐਂਡ ਐਗਰੀਕਲਚਰ ਦੁਆਰਾ ਜਾਰੀ ਕੀਤਾ ਗਿਆ ਕੀਟਨਾਸ਼ਕ ਵਿਨਿਯਮ ਜਾਂ ਜਾਂਚ ਅਤੇ ਵਾਤਾਵਰਣ ਨਿਗਰਾਨੀ (Pesticide Regulation or Investigation and Environmental Monitoring) ਵਿੱਚ ਵੈਧ ਕਾਉਂਟੀ ਬਾਇਓਲੋਜਿਸਟ ਲਾਇਸੈਂਸ ਹੈ।
    4. ਕੈਲੀਫੋਰਨੀਆ ਯੂਨੀਵਰਸਿਟੀ ਦੇ ਐਕਸਟੈਂਸ਼ਨ ਆਫ਼ਿਸ ਦੁਆਰਾ ਨਿਯੁਕਤ ਖੇਤੀ ਸਲਾਹਕਾਰ।
    5. ਕੋਈ ਵਿਅਕਤੀ ਜਿਸ ਨੇ ਹੇਠ ਲਿਖਿਆਂ ਵਿੱਚੋਂ ਇੱਕ ਦੁਆਰਾ ਦਿੱਤਾ ਗਿਆ "ਇੰਸਟ੍ਰਕਟਰ ਟ੍ਰੇਨਰ" ਪ੍ਰੋਗਰਾਮ ਪੂਰਾ ਕੀਤਾ ਹੈ:
        - ਕੈਲੀਫੋਰਨੀਆ ਯੂਨੀਵਰਸਿਟੀ, ਇਨਟੈਗਰੇਟਿਡ ਪੈਸਟ ਮੈਨੇਜਮੈਂਟ ਪ੍ਰੋਗਰਾਮ (1 ਜਨਵਰੀ, 1993 ਤੋਂ ਬਾਅਦ)
        - ਡਾਇਰੈਕਟਰ ਦੁਆਰਾ ਪ੍ਰਵਾਨਿਤ ਹੋਰ ਇੰਸਟ੍ਰਕਟਰ ਸਿਖਲਾਈ ਪ੍ਰੋਗਰਾਮ।
    6. ਕੈਲੀਫੋਰਨੀਆ ਲਾਇਸੰਸਸ਼ੁਦਾ ਖੇਤੀਬਾੜੀ ਕੀਟ ਨਿਯੰਤ੍ਰਣ ਸਲਾਹਕਾਰ।
    7. ਕੈਲੀਫੋਰਨੀਆ ਰਜਿਸਟਰਡ ਪ੍ਰੋਫੈਸ਼ਨਲ ਫੋਰੈਸਟਰ।
    8. DPR ਦੇ ਡਾਇਰੈਕਟਰ ਦੁਆਰਾ ਪ੍ਰਵਾਨਿਤ ਹੋਰ ਟ੍ਰੇਨਰ ਯੋਗਤਾ।

ਦਿੱਤੀ ਗਈ ਸ਼ੁਰੂਆਤੀ ਅਤੇ ਸਾਲਾਨਾ ਲੋੜੀਂਦੀ ਸਿਖਲਾਈ ਦੀ ਮਿਤੀ ਅਤੇ ਹੱਦ ਅਤੇ ਸੌਂਪੇ ਜਾਣ ਵਾਲੇ ਕੰਮ ਨੂੰ ਦਰਜ ਕਰੋ। ਹਰੇਕ ਰਿਕਾਰਡ ਨੂੰ ਕਰਮਚਾਰੀ ਦੇ ਦਸਤਖ਼ਤ ਨਾਲ ਤਸਦੀਕ ਕਰੋ ਅਤੇ ਇਸ ਰਿਕਾਰਡ ਨੂੰ ਦੋ ਸਾਲਾਂ ਲਈ ਕਿਸੇ ਕੇਂਦਰੀ ਸਥਾਨ 'ਤੇ ਕਰਮਚਾਰੀਆਂ ਲਈ ਪਹੁੰਚਯੋਗ ਕੰਮ ਵਾਲੀ ਥਾਂ 'ਤੇ ਬਣਾ ਕੇ ਰੱਖੋ।

**ਲੋੜੀਂਦੇ ਰਿਕਾਰਡ**

ਜ਼ਿਆਦਾਤਰ ਉਤਪਾਦਕ ਆਪਣੇ ਕੀਟਨਾਸ਼ਕ ਹੈਂਡਲਰ ਸਿਖਲਾਈ ਪ੍ਰੋਗਰਾਮ ਨੂੰ ਇੱਕ ਬਾਈਂਡਰ ਵਿੱਚ ਸੰਗਠਿਤ ਕਰਦੇ ਹਨ, ਜਿਸ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ:

- ਭਰਿਆ ਹੋਇਆ ਰੁਜ਼ਗਾਰਦਾਤਾ ਦਾ ਲਿਖਤੀ ਹੈਂਡਲਰ ਸਿਖਲਾਈ ਪ੍ਰੋਗਰਾਮ ਫਾਰਮ;
- ਵਰਤੀ ਗਈ ਸਿਖਲਾਈ ਸਮੱਗਰੀ;
- ਸਿਖਲਾਈ ਦਿੱਤੇ ਗਏ ਹਰੇਕ ਕਰਮਚਾਰੀ ਲਈ ਇੱਕ ਭਰਿਆ ਹੋਇਆ ਕੀਟਨਾਸ਼ਕ ਸੁਰੱਖਿਆ ਸਿਖਲਾਈ ਰਿਕਾਰਡ ਫਾਰਮ।

ਸਾਲ ਦੇ ਹਿਸਾਬ ਨਾਲ ਵੰਡੇ ਜਾਣ 'ਤੇ ਬਾਈਂਡਰ ਇੱਕ ਵਧੇਰੇ ਉਪਯੋਗੀ ਹਵਾਲਾ ਹੁੰਦਾ ਹੈ, ਜਿਸ ਨਾਲ ਇਹ ਨਿਰਧਾਰਤ ਕਰਨਾ ਆਸਾਨ ਹੋ ਜਾਂਦਾ ਹੈ ਕਿ ਕਰਮਚਾਰੀਆਂ ਨੂੰ ਸਾਲਾਨਾ ਸਿਖਲਾਈ ਕਦੋਂ ਮਿਲੀ ਸੀ ਅਤੇ ਕਿਹੜੇ ਖਾਸ ਕੀਟਨਾਸ਼ਕਾਂ ਨੂੰ ਕਵਰ ਕੀਤਾ ਗਿਆ ਹੈ।

ਉਨ੍ਹਾਂ ਕਰਮਚਾਰੀਆਂ ਲਈ ਸਿਖਲਾਈ ਆਯੋਜਿਤ ਕਰਨ ਲਈ **ਯੋਗਤਾ ਪ੍ਰਾਪਤ ਟ੍ਰੇਨਰ ਦੀ ਵਰਤੋਂ ਕਰੋ** ਜੋ ਖੇਤੀਬਾੜੀ ਉਤਪਾਦ ਦੇ ਵਪਾਰਕ ਜਾਂ ਖੋਜ ਸੰਬੰਧੀ ਉਤਪਾਦਨ ਲਈ ਕੀਟਨਾਸ਼ਕਾਂ ਨੂੰ ਸੰਭਾਲਣਗੇ।

**ਰੁਜ਼ਗਾਰਦਾਤਾਵਾਂ** ਨੂੰ ਦਸਤਾਵੇਜ਼ਿਤ ਕੀਟਨਾਸ਼ਕ ਹੈਂਡਲਰ ਸਿਖਲਾਈ ਰਿਕਾਰਡ ਅਤੇ ਰੁਜ਼ਗਾਰਦਾਤਾ ਦੇ ਲਿਖਤੀ ਹੈਂਡਲਰ ਸਿਖਲਾਈ ਪ੍ਰੋਗਰਾਮ ਫਾਰਮਾਂ ਨੂੰ ਕਰਮਚਾਰੀਆਂ ਲਈ ਪਹੁੰਚਯੋਗ ਸਥਾਨ 'ਤੇ ਦੋ ਸਾਲਾਂ ਲਈ ਰੱਖਣਾ ਚਾਹੀਦਾ ਹੈ।

## ਕੰਮ ਕਰਨ ਵਾਲੀ ਥਾਂ ਦੀ ਅਨੁਸ਼ਾਸਨੀ ਕਾਰਵਾਈ ਨੀਤੀ

ਜੇ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ ਤਾਂ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਅਜਿਹੇ ਕਰਮਚਾਰੀ ਵਿਰੁੱਧ ਕਾਰਵਾਈ ਕਰ ਸਕਦਾ ਹੈ ਜੋ ਕਾਨੂੰਨ ਦੁਆਰਾ ਲੋੜੀਂਦੇ PPE ਜਾਂ ਹੋਰ ਸੁਰੱਖਿਆ ਉਪਕਰਨਾਂ ਦੀ ਵਰਤੋਂ ਕਰਨ ਵਿੱਚ ਅਸਫਲ ਰਿਹਾ ਹੈ:

- ਕਰਮਚਾਰੀ ਲਾਇਸੰਸਸ਼ੁਦਾ ਜਾਂ ਪ੍ਰਮਾਣਿਤ ਐਪਲੀਕੇਟਰ ਹੈ;
- ਰੁਜ਼ਗਾਰਦਾਤਾ ਨੇ ਕਰਮਚਾਰੀ ਨੂੰ ਉਪਕਰਨ ਪ੍ਰਦਾਨ ਕੀਤਾ ਸੀ ਅਤੇ ਉਪਕਰਨ ਕੰਮ ਵਾਲੀ ਥਾਂ 'ਤੇ ਅਜਿਹੀ ਸਥਿਤੀ ਵਿੱਚ ਉਪਲਬਧ ਸੀ ਜਿਸ ਨੇ ਉਪਕਰਨ ਦੁਆਰਾ ਉਮੀਦ ਕੀਤੀ ਜਾਂਦੀ ਸੁਰੱਖਿਆ ਜਾਂ ਸਲਾਮਤੀ ਮੁਹੱਈਆ ਕੀਤੀ ਹੁੰਦੀ;
- ਰੁਜ਼ਗਾਰਦਾਤਾ ਨੇ ਆਪਣੀ ਲਿਖਤੀ ਕੰਮ ਕਰਨ ਵਾਲੀ ਥਾਂ ਦੀ ਅਨੁਸ਼ਾਸਨੀ ਕਾਰਵਾਈ ਨੀਤੀ ਰਾਹੀਂ, ਕਰਮਚਾਰੀ 'ਤੇ ਉਪਕਰਨ ਦੀ ਵਰਤੋਂ ਕਰਨ ਦੀ ਲੋੜ ਲਗਾਈ;
- ਕਰਮਚਾਰੀ ਦੁਆਰਾ ਉਪਕਰਨ ਦੀ ਵਰਤੋਂ ਕਰਨ ਵਿੱਚ ਅਸਫਲ ਰਹਿਣ ਤੋਂ ਪਹਿਲਾਂ ਰੁਜ਼ਗਾਰਦਾਤਾ ਨੇ ਸਿਖਲਾਈ ਦੀਆਂ ਲੋੜਾਂ ਦੀ ਪਾਲਣਾ ਕੀਤੀ ਹੈ;
- ਉਪਕਰਨ ਦੀ ਵਰਤੋਂ ਵਿੱਚ ਅਸਫਲਤਾ ਦੇ ਸਮੇਂ ਕਰਮਚਾਰੀ ਨੂੰ ਉਸ ਅਨੁਸ਼ਾਸਨ ਬਾਰੇ ਪਤਾ ਸੀ ਜੋ ਉਪਕਰਨ ਦੀ ਵਰਤੋਂ ਕਰਨ ਵਿੱਚ ਅਸਫਲਤਾ ਲਈ ਰੁਜ਼ਗਾਰਦਾਤਾ ਦੀ ਲਿਖਤੀ ਕਾਰਜ ਸਥਾਨ ਅਨੁਸ਼ਾਸਨੀ ਕਾਰਵਾਈ ਨੀਤੀ ਦੇ ਤਹਿਤ ਲਾਗੂ ਕੀਤਾ ਜਾ ਸਕਦਾ ਹੈ।

### ਰੁਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ

- ਵਿਨਿਯਮਾਂ ਵਿੱਚ ਅਤੇ ਕੀਟਨਾਸ਼ਕ ਉਤਪਾਦ ਲੇਬਲ 'ਤੇ ਦਰਸਾਏ ਗਏ ਲਾਗੂ ਹੋਣ ਵਾਲੀਆਂ ਸੁਰੱਖਿਅਤ ਵਰਤੋਂ ਦੀਆਂ ਲੋੜਾਂ ਬਾਰੇ ਜਾਣਨਾ;
- ਕਰਮਚਾਰੀ ਨੂੰ, ਅਜਿਹੀ ਭਾਸ਼ਾ ਵਿੱਚ ਜਿਸਨੂੰ ਕਰਮਚਾਰੀ ਸਮਝਦਾ ਹੈ, ਵਰਤੇ ਜਾ ਰਹੇ ਖਾਸ ਕੀਟਨਾਸ਼ਕ, ਕੀਟਨਾਸ਼ਕ ਸੁਰੱਖਿਆ ਖ਼ਤਰਿਆਂ, ਵਰਤੇ ਜਾਣ ਵਾਲੇ PPE ਅਤੇ ਹੋਰ ਉਪਕਰਨਾਂ, ਪਾਲਣਾ ਕੀਤੀਆਂ ਜਾਣ ਵਾਲੀਆਂ ਕੰਮ ਦੀਆਂ ਪ੍ਰਕਿਰਿਆਵਾਂ ਅਤੇ ਉਨ੍ਹਾਂ ਸਾਰੀਆਂ ਗਤੀਵਿਧੀਆਂ 'ਤੇ ਲਾਗੂ ਕੀਟਨਾਸ਼ਕ ਸੁਰੱਖਿਆ ਵਿਨਿਯਮਾਂ ਬਾਰੇ ਸੂਚਿਤ ਕਰਨਾ ਜੋ ਉਹ ਕਰ ਸਕਦੇ ਹਨ;
- ਕਰਮਚਾਰੀਆਂ ਦੀ ਨਿਗਰਾਨੀ ਕਰਨਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਲਾਗੂ ਵਿਨਿਯਮਾਂ ਅਤੇ ਕੀਟਨਾਸ਼ਕ ਉਤਪਾਦ ਦੇ ਲੇਬਲ ਦੀਆਂ ਲੋੜਾਂ ਸਮੇਤ ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਦੀ ਪਾਲਣਾ ਕੀਤੀ ਜਾਂਦੀ ਹੈ;
- ਕਰਮਚਾਰੀਆਂ ਲਈ ਸੁਰੱਖਿਅਤ ਕੰਮ ਕਰਨ ਦੀ ਥਾਂ ਮੁਹੱਈਆ ਕਰਨਾ ਅਤੇ ਕਰਮਚਾਰੀਆਂ ਨੂੰ ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਦੀ ਪਾਲਣਾ ਕਰਨ ਲਈ ਕਹਿਣਾ; ਅਤੇ
- ਇਹ ਯਕੀਨੀ ਬਣਾਉਣ ਲਈ ਸਾਰੇ ਵਾਜਬ ਉਪਾਅ ਕਰਨੇ ਕਿ ਕਰਮਚਾਰੀ ਕਾਨੂੰਨਾਂ, ਵਿਨਿਯਮਾਂ ਅਤੇ ਕੀਟਨਾਸ਼ਕ ਉਤਪਾਦ ਦੇ ਲੇਬਲ ਦੀਆਂ ਲੋੜਾਂ ਦੇ ਅਨੁਸਾਰ ਕੀਟਨਾਸ਼ਕਾਂ ਨੂੰ ਸੰਭਾਲਣ ਅਤੇ ਵਰਤਣ।

## ਮੈਡੀਕਲ ਨਿਗਰਾਨੀ ਪ੍ਰੋਗਰਾਮ

ਮੈਡੀਕਲ ਨਿਗਰਾਨੀ ਪ੍ਰੋਗਰਾਮ ਵਿੱਚ ਕਰਮਚਾਰੀ ਦੇ ਕੋਲੀਨੇਸਟੇਰੇਸ ਦੇ ਆਮ ਜਾਂ "ਬੇਸਲਾਈਨ" ਪੱਧਰ ਨੂੰ ਨਿਰਧਾਰਤ ਕਰਨ ਲਈ ਇੱਕ ਸ਼ੁਰੂਆਤੀ ਖੂਨ ਦੀ ਜਾਂਚ ਅਤੇ ਫਿਰ ਇਹ ਨਿਰਧਾਰਤ ਕਰਨ ਲਈ ਸਮੇਂ-ਸਮੇਂ 'ਤੇ ਖੂਨ ਦੀ ਜਾਂਚ ਸ਼ਾਮਲ ਹੁੰਦੀ ਹੈ ਕਿ ਕੀ ਸੰਪਰਕ ਦੇ ਨਤੀਜੇ ਵਜੋਂ ਕੋਲੀਨੇਸਟੇਰੇਸ ਦਾ ਪੱਧਰ ਡਿੱਗ ਗਿਆ ਹੈ। ਕੋਲੀਨੇਸਟੇਰੇਸ ਸਰੀਰ ਵਿੱਚ ਅਜਿਹਾ ਪਦਾਰਥ ਹੈ ਜੋ ਨਸਾਂ ਦੀਆਂ ਤਰੰਗਾਂ ਅਤੇ ਮਾਸਪੇਸ਼ੀਆਂ ਦੀ ਗਤੀਵਿਧੀ ਨੂੰ ਨਿਯੰਤ੍ਰਿਤ ਕਰਦਾ ਹੈ। ਕੋਲੀਨੇਸਟੇਰੇਸ ਇਨ੍ਹਿਬੀਟਰ ਕੋਲੀਨੇਸਟੇਰੇਸ ਦੇ ਉਤਪਾਦਨ ਨੂੰ ਰੋਕਦੇ ਹਨ। ਜਦੋਂ ਕੋਲੀਨੇਸਟੇਰੇਸ ਦਾ ਪੱਧਰ ਘੱਟ ਜਾਂਦਾ ਹੈ, ਤਾਂ ਦਿਮਾਗੀ ਪ੍ਰਣਾਲੀ ਚੰਗੀ ਤਰ੍ਹਾਂ ਕੰਮ ਨਹੀਂ ਕਰਦੀ।

ਆਰਗਨੋਫਾਸਫੇਟ ਅਤੇ ਕਾਰਬਾਮੇਟ ਕੋਲੀਨੇਸਟੇਰੇਸ ਇਨ੍ਹਿਬੀਟਰ ਹਨ ਅਤੇ ਇਨ੍ਹਾਂ ਕੀਟਨਾਸ਼ਕਾਂ ਦੇ ਸੰਪਰਕ ਵਿੱਚ ਆਉਣ ਨਾਲ ਨਸਾਂ ਦਾ ਕੰਮ ਪ੍ਰਭਾਵਿਤ ਹੋ ਸਕਦਾ ਹੈ। ਕੋਲੀਨੇਸਟੇਰੇਸ ਇਨ੍ਹਿਬੀਟਰਸ ਵਾਲੇ ਕੁਝ ਆਮ ਕੀਟਨਾਸ਼ਕਾਂ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

*ਲੈਨੇਟ (Lannate), ਸੇਵਿਨ (Sevin), ਥਿਮੇਟ (Thimet) ਅਤੇ ਡਿਆਜ਼ੀਨਨ (Diazinon)*

ਆਰਗਨੋਫਾਸਫੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਦੀ ਵਰਤੋਂ ਤੋਂ ਪਹਿਲਾਂ ਸ਼ੁਰੂਆਤੀ ਖੂਨ ਦੀ ਜਾਂਚ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ। ਫਿਰ ਕਰਮਚਾਰੀ ਦੀ ਨਿਯਮਿਤ ਸਾਜ-ਸੰਭਾਲ ਦੇ ਪਹਿਲੇ ਤਿੰਨ, 30-ਦਿਨਾਂ ਦੀ ਹਰੇਕ ਮਿਆਦ ਦੇ ਅੰਤ 'ਤੇ ਜਾਂਚ ਕੀਤੀ ਜਾਂਦੀ ਹੈ। ਹੋਰ ਜਾਂਚ ਡਾਕਟਰ ਦੁਆਰਾ ਸਿਫ਼ਾਰਸ਼ ਕੀਤੀ ਗਈ ਵਾਰਵਾਰਤਾ 'ਤੇ ਕੀਤੀ ਜਾਂਦੀ ਹੈ, ਜਿੱਥੇ ਟੈਸਟਾਂ ਦੇ ਵਿਚਕਾਰ ਅੰਤਰਾਲ ਦੋ ਸਾਲਾਂ ਤੋਂ ਵੱਧ ਨਹੀਂ ਹੋਣੇ ਚਾਹੀਦੇ। ਰੁਜ਼ਗਾਰਦਾਤਾਵਾਂ ਨੂੰ ਕੋਲੀਨੇਸਟੇਰੇਸ ਜਾਂਚ ਦੇ ਨਤੀਜਿਆਂ ਅਤੇ ਡਾਕਟਰਾਂ ਦੀਆਂ ਸਿਫ਼ਾਰਸ਼ਾਂ ਨੂੰ ਤਿੰਨ ਸਾਲਾਂ ਲਈ ਰੱਖਣਾ ਚਾਹੀਦਾ ਹੈ।

ਆਰਗਨੋਫਾਸਫੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਦੀ ਵਰਤੋਂ ਤੋਂ ਪਹਿਲਾਂ ਇੱਕ ਸ਼ੁਰੂਆਤੀ ਖੂਨ ਦੀ ਜਾਂਚ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ।

ਕੋਲੀਨੇਸਟੇਰੇਸ ਇਨ੍ਹਿਬੀਟਰਸ ਵਾਲੇ ਕੁਝ ਆਮ **ਕੀਟਨਾਸ਼ਕਾਂ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ,** ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

*ਲੈਨੇਟ (Lannate), ਸੇਵਿਨ (Sevin), ਥਿਮੇਟ (Thimet) ਅਤੇ ਡਿਆਜ਼ੀਨਨ (Diazinon)*

### ਕਰਮਚਾਰੀ ਵਰਤੋਂ ਦੇ ਰਿਕਾਰਡ

ਜਦੋਂ ਵੀ ਕੋਈ ਕਰਮਚਾਰੀ ਨਿਯਮਿਤ ਤੌਰ 'ਤੇ DANGER ਅਤੇ/ਜਾਂ WARNING ਸੰਕੇਤਕ ਸ਼ਬਦ ਵਾਲੇ ਕੋਲੀਨੇਸਟਰੇਸ ਇਨ੍ਹਿਬੀਟਰਾਂ ਵਾਲੇ ਕੀਟਨਾਸ਼ਕ ਨੂੰ ਵਰਤਦਾ ਹੈ, ਤਾਂ ਰੁਜ਼ਗਾਰਦਾਤਾ ਨੂੰ ਕਰਮਚਾਰੀਆਂ ਦੀ ਵਰਤੋਂ ਦੇ ਰਿਕਾਰਡ ਲਾਜ਼ਮੀ ਰੱਖਣੇ ਚਾਹੀਦੇ ਹਨ। ਕੀਟਨਾਸ਼ਕ ਵਰਤੋਂ ਦੇ ਰਿਕਾਰਡਾਂ ਵਿੱਚ ਕਰਮਚਾਰੀ ਦਾ ਨਾਮ, ਵਰਤੇ ਗਏ ਕੀਟਨਾਸ਼ਕ ਅਤੇ ਵਰਤੋਂ ਦੀ ਮਿਤੀ ਲਾਜ਼ਮੀ ਸ਼ਾਮਲ ਹੋਣੀ ਚਾਹੀਦੀ ਹੈ। ਕੁਝ ਉਤਪਾਦਕ ਇਸ ਜਾਣਕਾਰੀ ਨੂੰ ਦਰਜ ਕਰਨ ਲਈ ਇੱਕ ਕਲੰਡਰ ਦੀ ਵਰਤੋਂ ਕਰਦੇ ਹਨ। ਰੁਜ਼ਗਾਰਦਾਤਾ ਨੂੰ ਰਿਕਾਰਡ ਤਿੰਨ ਸਾਲਾਂ ਲਈ ਲਾਜ਼ਮੀ ਰੱਖਣਾ ਚਾਹੀਦਾ ਹੈ।

### ਮੈਡੀਕਲ ਨਿਗਰਾਨੀ ਦੇ ਪੋਸਟਰ ਲਗਾਉਣੇ

ਨਿਯਮਿਤ ਤੌਰ 'ਤੇ DANGER ਅਤੇ/ਜਾਂ WARNING ਸੰਕੇਤਕ ਸ਼ਬਦਾਂ ਵਾਲੇ ਆਰਗਨੋਫਾਸਫੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਨੂੰ ਸੰਭਾਲਣ ਵਾਲੇ ਕਰਮਚਾਰੀਆਂ ਲਈ ਡਾਕਟਰੀ ਨਿਗਰਾਨੀ ਜਾਣਕਾਰੀ ਦੇ ਪੋਸਟਰ ਕੰਮ ਕਰਨ ਦੀ ਥਾਂ 'ਤੇ ਕੇਂਦਰੀ ਸਥਾਨ 'ਤੇ ਲਗਾਏ ਜਾਣੇ ਚਾਹੀਦੇ ਹਨ। ਪੋਸਟਰ ਪ੍ਰਮੁੱਖ ਤੌਰ 'ਤੇ ਹੋਣੇ ਚਾਹੀਦੇ ਹਨ ਅਤੇ ਇਸ ਵਿੱਚ ਡਾਕਟਰੀ ਨਿਗਰਾਨੀ ਮੁਹੱਈਆ ਕਰਨ ਵਾਲੇ ਡਾਕਟਰ ਦਾ ਨਾਮ, ਪਤਾ ਅਤੇ ਟੈਲੀਫ਼ੋਨ ਨੰਬਰ ਲਾਜ਼ਮੀ ਸ਼ਾਮਲ ਹੋਣਾ ਚਾਹੀਦਾ ਹੈ। ਇਹ 3CCR ਸੈਕਸ਼ਨ 6726 ਦੀਆਂ ਲੋੜਾਂ ਤੋਂ ਵੱਖਰਾ ਹੈ।

### ਡਾਕਟਰ ਦਾ ਸਮਝੌਤਾ

ਜਦੋਂ ਕਰਮਚਾਰੀ ਨਿਯਮਿਤ ਤੌਰ 'ਤੇ DANGER ਅਤੇ/ਜਾਂ WARNING ਸੰਕੇਤਕ ਸ਼ਬਦਾਂ ਵਾਲੇ ਆਰਗਨੋਫਾਸਫੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਨੂੰ ਸੰਭਾਲਦੇ ਹਨ, ਤਾਂ ਰੁਜ਼ਗਾਰਦਾਤਾਵਾਂ ਕੋਲ ਡਾਕਟਰ ਦੁਆਰਾ ਦਸਤਖ਼ਤ ਕੀਤਾ ਲਿਖਤੀ ਸਮਝੌਤਾ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਵਿੱਚ ਕਿਹਾ ਗਿਆ ਹੋਵੇ ਕਿ ਡਾਕਟਰ ਨੇ ਕਰਮਚਾਰੀਆਂ ਲਈ ਡਾਕਟਰੀ ਨਿਗਰਾਨੀ ਮੁਹੱਈਆ ਕਰਨ ਲਈ ਸਹਿਮਤੀ ਦਿੱਤੀ ਹੈ। ਕਰਮਚਾਰੀ ਜੋ 30 ਦਿਨਾਂ ਦੀ ਮਿਆਦ ਵਿੱਚ 6 ਤੋਂ ਵੱਧ ਦਿਨਾਂ ਲਈ ਕੀਟਨਾਸ਼ਕਾਂ ਨੂੰ ਸੰਭਾਲਦਾ ਹੈ, ਭਾਵੇਂ ਇਹ 5 ਮਿੰਟ ਲਈ ਹੋਵੇ ਜਾਂ 8 ਘੰਟੇ ਲਈ, ਨਿਯਮਿਤ ਤੌਰ 'ਤੇ ਉਨ੍ਹਾਂ ਸਮੱਗਰੀਆਂ ਨੂੰ ਸੰਭਾਲਦਾ ਹੈ। ਰੁਜ਼ਗਾਰਦਾਤਾ ਨੂੰ ਇਕਰਾਰਨਾਮਾ ਤਿੰਨ ਸਾਲਾਂ ਲਈ ਰੱਖਣਾ ਚਾਹੀਦਾ ਹੈ ਅਤੇ ਇਹ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਦੁਆਰਾ ਨਿਰੀਖਣ ਲਈ ਉਪਲਬਧ ਹੋਣਾ ਚਾਹੀਦਾ ਹੈ।

### ਲੋੜੀਂਦੇ ਰਿਕਾਰਡ

ਜ਼ਿਆਦਾਤਰ ਉਤਪਾਦਕ ਆਪਣੇ ਮੈਡੀਕਲ ਨਿਗਰਾਨੀ ਪ੍ਰੋਗਰਾਮ ਨੂੰ ਇੱਕ ਬਾਈਂਡਰ ਵਿੱਚ ਸੰਗਠਿਤ ਕਰਦੇ ਹਨ ਅਤੇ ਇਸ ਵਿੱਚ ਇਨ੍ਹਾਂ ਚੀਜ਼ਾਂ ਨੂੰ ਸ਼ਾਮਲ ਕਰਦੇ ਹਨ:

- ਕਰਮਚਾਰੀ ਵਰਤੋਂ ਦੇ ਰਿਕਾਰਡ;
- ਡਾਕਟਰਾਂ ਦਾ ਸਮਝੌਤਾ;
- ਕੋਲੀਨੇਸਟਰੇਸ ਟੈਸਟਿੰਗ ਦੀਆਂ ਮਿਤੀਆਂ ਅਤੇ ਡਾਕਟਰਾਂ ਦੀਆਂ ਸਿਫ਼ਾਰਸ਼ਾਂ;

ਰੁਜ਼ਗਾਰਦਾਤਾਵਾਂ ਨੂੰ ਇਨ੍ਹਾਂ ਸਮੱਗਰੀਆਂ ਨੂੰ ਤਿੰਨ ਸਾਲਾਂ ਲਈ ਰੱਖਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਸਮੀਖਿਆ ਲਈ ਪਹੁੰਚਯੋਗ ਹੋਣਾ ਚਾਹੀਦਾ ਹੈ।

## ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕ

ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕਾਂ ਨੂੰ ਸੰਭਾਲਣ ਅਤੇ ਇਸਤੇਮਾਲ ਕਰਨ ਲਈ ਖਾਸ ਸਾਵਧਾਨੀਆਂ ਦੀ ਲੋੜ ਹੁੰਦੀ ਹੈ। ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕਾਂ ਵਿੱਚ ਹੇਠਾਂ ਦਿੱਤੇ ਉਤਪਾਦ ਸ਼ਾਮਲ ਹਨ:

- ਬ੍ਰੋਮੋਕਸੀਨਿਲ (Bromoxynil) (Maestro, Cleansweep, Brox, Moxy)
- ਫੋਲਪੇਟ (Folpet)
- ਆਕਸੀਡੇਮੇਟਨ-ਮਿਥਾਈਲ
- ਪ੍ਰੋਪਾਰਗਾਈਟ (Propargite) (Omite, Comite, Decimite, Endomite, Mtomax)

### ਛੋਟਾਂ

ਹੇਠਾਂ ਦਿੱਤੀਆਂ ਛੋਟਾਂ ਖਾਸ ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕਾਂ 'ਤੇ ਲਾਗੂ ਹੁੰਦੀਆਂ ਹਨ:

- ਫੋਲਪੇਟ, ਜਦੋਂ ਪੇਂਟ, ਕੋਟਿੰਗ, ਜਾਂ ਦਰਜਬੰਦੀ ਮਿਸ਼ਰਣਾਂ ਵਿੱਚ ਸ਼ਾਮਲ ਹੁੰਦਾ ਹੈ ਜਾਂ ਮਿਲਾਇਆ ਜਾਂਦਾ ਹੈ, ਤਾਂ ਵਰਣਿਤ ਲੋੜਾਂ ਤੋਂ ਛੋਟ ਹੁੰਦੀ ਹੈ।

### ਵਰਤੋਂ ਦੀਆਂ ਸ਼ਰਤਾਂ

ਹੇਠਾਂ ਦਿੱਤੀਆਂ ਸ਼ਰਤਾਂ ਖਾਸ ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕਾਂ 'ਤੇ ਲਾਗੂ ਹੁੰਦੀਆਂ ਹਨ:

- ਸਜਾਵਟੀ ਲੈਂਡਸਕੇਪ ਰੁੱਖਾਂ ਅਤੇ ਝਾੜੀਆਂ 'ਤੇ ਆਕਸੀਡੇਮੇਟਨ-ਮਿਥਾਈਲ ਦੇ ਇਸਤੇਮਾਲ ਸਿਰਫ ਤਣੇ ਦੇ ਟੀਕੇ ਜਾਂ ਮਿੱਟੀ ਦੇ ਟੀਕੇ ਵਾਲੇ ਤਰੀਕਿਆਂ ਦੁਆਰਾ ਕੀਤੇ ਜਾਣਗੇ;
- ਆਕਸੀਡੇਮੇਟਨ-ਮਿਥਾਈਲ ਨੂੰ ਗ੍ਰੀਨਹਾਊਸ ਦੇ ਅੰਦਰ ਨਹੀਂ ਇਸਤੇਮਾਲ ਕੀਤਾ ਜਾਣਾ ਚਾਹੀਦਾ; ਅਤੇ
- ਪ੍ਰੋਪਾਰਗਾਈਟ ਨੂੰ ਗ੍ਰੀਨਹਾਊਸ ਦੇ ਅੰਦਰ ਨਹੀਂ ਇਸਤੇਮਾਲ ਕੀਤਾ ਜਾਣਾ ਚਾਹੀਦਾ।

ਜਦੋਂ ਕਰਮਚਾਰੀ ਨਿਯਮਿਤ ਤੌਰ 'ਤੇ DANGER ਜਾਂ WARNING ਸੰਕੇਤਕ ਸ਼ਬਦਾਂ ਵਾਲੇ ਆਰਗਨੋਫਾਸਫੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਨੂੰ ਸੰਭਾਲਦੇ ਹਨ, ਤਾਂ **ਰੁਜ਼ਗਾਰਦਾਤਾ ਕੋਲ ਡਾਕਟਰ ਦੁਆਰਾ ਦਸਤਖ਼ਤ ਕੀਤਾ ਲਿਖਤੀ ਸਮਝੌਤਾ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਵਿੱਚ ਕਿਹਾ ਗਿਆ ਹੋਵੇ ਕਿ** ਡਾਕਟਰ ਨੇ ਕਰਮਚਾਰੀਆਂ ਲਈ ਡਾਕਟਰੀ ਨਿਗਰਾਨੀ ਮੁਹੱਈਆ ਕਰਨ ਲਈ ਸਹਿਮਤੀ ਦਿੱਤੀ ਹੈ।

## ਸੰਪਰਕ ਵਾਲੇ ਕੀਟਨਾਸ਼ਕ ਸੁਰੱਖਿਆ ਵਰਤੋਂ ਦੀਆਂ ਲੋੜਾਂ

- ਰੁਜ਼ਗਾਰਦਾਤਾ ਉਨ੍ਹਾਂ ਕਰਮਚਾਰੀਆਂ ਲਈ ਕੱਪੜੇ ਬਦਲਣ ਦਾ ਖੇਤਰ ਮੁਹੱਈਆ ਕਰੇਗਾ ਜੋ ਸਮੇਂ ਦੀ ਕਿਸੇ ਵੀ ਮਿਆਦ ਲਈ ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕਾਂ ਨੂੰ ਸੰਭਾਲਦੇ ਹਨ, ਭਾਵੇਂ ਵਰਤੇ ਗਏ ਉਤਪਾਦ ਦੀ ਜ਼ਹਿਰੀਲੇਪਣ ਦੀ ਸ਼੍ਰੇਣੀ ਕੋਈ ਵੀ ਹੋਵੇ।
- ਰੁਜ਼ਗਾਰਦਾਤਾ ਧੋਣ ਦੀਆਂ ਸਹੂਲਤਾਂ ਮੁਹੱਈਆ ਕਰੇਗਾ ਜਿੱਥੇ ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕ ਮਿਲਾਏ ਜਾਂ ਲੋਡ ਕੀਤੇ ਜਾਂਦੇ ਹਨ, ਭਾਵੇਂ ਵਰਤੇ ਗਏ ਉਤਪਾਦ ਦੀ ਜ਼ਹਿਰੀਲੇਪਣ ਦੀ ਸ਼੍ਰੇਣੀ ਕੋਈ ਵੀ ਹੋਵੇ।
- ਰੁਜ਼ਗਾਰਦਾਤਾ ਕਵਰਆਲ ਮੁਹੱਈਆ ਕਰੇਗਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰੇਗਾ ਅਤੇ ਇਸਨੂੰ ਪਹਿਨਣਾ ਜ਼ਰੂਰੀ ਕਰੇਗਾ, ਭਾਵੇਂ ਜ਼ਹਿਰੀਲੇਪਣ ਦੀ ਸ਼੍ਰੇਣੀ ਕੋਈ ਵੀ ਹੋਵੇ।
- ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਪੂਰੇ ਸਰੀਰ ਦੇ, ਰਸਾਇਣ-ਰੋਧਕ ਸੁਰੱਖਿਆਤਮਕ ਕੱਪੜੇ ਅਤੇ ਸਾਹ ਦੀ ਸੁਰੱਖਿਆ ਮੁਹੱਈਆ ਕਰੇਗਾ ਅਤੇ ਉਨ੍ਹਾਂ ਨੂੰ ਪਹਿਨਣਾ ਜ਼ਰੂਰੀ ਕਰੇਗਾ। ਅਪਵਾਦਾਂ ਲਈ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਕਰੋ (ਇਹ PPE ਕੰਮ ਵਾਲੀ ਥਾਂ 'ਤੇ ਮੌਜੂਦ ਹੋਣੇ ਚਾਹੀਦੇ ਹਨ ਭਾਵੇਂ ਕਿਸੇ ਖਾਸ ਕੰਮ ਦੀ ਸਥਿਤੀ ਲਈ PPE ਪਹਿਨਣ ਤੋਂ ਛੋਟ ਹੋਵੇ)।

ਰੁਜ਼ਗਾਰਦਾਤਾ ਇੱਕ ਬੰਦ ਪ੍ਰਣਾਲੀ ਮੁਹੱਈਆ ਕਰੇਗਾ ਅਤੇ ਉਨ੍ਹਾਂ ਸਾਰੇ ਕਰਮਚਾਰੀਆਂ ਦੁਆਰਾ ਇਸਦੀ ਵਰਤੋਂ ਦੀ ਮੰਗ ਕਰੇਗਾ ਜੋ ਤਰਲ ਫਾਰਮੂਲੇਸ਼ਨਾਂ ਨੂੰ ਮਿਲਾਉਂਦੇ ਹਨ, ਲੋਡ ਕਰਦੇ ਹਨ ਜਾਂ ਟ੍ਰਾਂਸਫਰ ਕਰਦੇ ਹਨ ਜਾਂ ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕਾਂ ਦੇ ਸੁੱਕੇ ਫਾਰਮੂਲੇਸ਼ਨਾਂ ਤੋਂ ਪ੍ਰਾਪਤ ਪਤਲੇ ਤਰਲ ਮਿਸ਼ਰਣਾਂ ਨੂੰ ਲੋਡ ਕਰਦੇ ਹਨ, **ਭਾਵੇਂ ਵਰਤੇ ਗਏ ਉਤਪਾਦ ਦਾ ਜ਼ਹਿਰੀਲਾਪਣ ਕਿੰਨਾ ਵੀ ਹੋਵੇ।**

## ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ

ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ (Pesticide Safety Information Series, PSIS) ਕੀਟਨਾਸ਼ਕਾਂ ਨੂੰ ਸੰਭਾਲਣ ਵਾਲਿਆਂ ਅਤੇ ਖੇਤ ਵਿੱਚ ਕੰਮ ਕਰਨ ਵਾਲਿਆਂ ਦੀ ਸਿਖਲਾਈ ਲਈ ਮੁਹੱਈਆ ਕੀਤੀ ਜਾਂਦੀ ਹੈ। ਇਹ ਪਰਚੇ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਵਿਖੇ ਅਤੇ ਔਨਲਾਈਨ http://www.cdpr.ca.gov 'ਤੇ ਉਪਲਬਧ ਹਨ। ਹੇਠ ਦਿੱਤੇ ਪਰਚੇ (ਨਾਲ ਹੀ ਗੈਰ-ਖੇਤੀਬਾੜੀ ਸੈਟਿੰਗਾਂ ਲਈ N ਲੜੀ) ਅੰਗਰੇਜ਼ੀ, ਸਪੈਨਿਸ਼, ਹਮੋਂਗ ਅਤੇ ਪੰਜਾਬੀ ਵਿੱਚ ਉਪਲਬਧ ਹਨ।

**PSIS A-1:** ਖੇਤੀਬਾੜੀ ਵਾਲੇ ਸਥਾਨਾਂ 'ਤੇ ਕੀਟਨਾਸ਼ਕਾਂ ਨਾਲ ਸੁਰੱਖਿਅਤ ਢੰਗ ਨਾਲ ਕੰਮ ਕਰਨਾ

**PSIS A-2:** ਖੇਤੀਬਾੜੀ ਵਾਲੇ ਸਥਾਨਾਂ ਵਿੱਚ ਕੀਟਨਾਸ਼ਕਾਂ ਦਾ ਭੰਡਾਰਨ, ਇੱਕ ਤੋਂ ਦੂਜੀ ਥਾਂ 'ਤੇ ਲਿਜਾਣਾ ਅਤੇ ਨਿਪਟਾਰਾ

**PSIS A-3:** ਖੇਤੀਬਾੜੀ ਵਾਲੇ ਸਥਾਨਾਂ 'ਤੇ ਬੰਦ ਮਿਕਸਿੰਗ ਸਿਸਟਮ, ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ, ਅਤੇ ਬੰਦ ਕੈਬਾਂ

**PSIS A-4:** ਮੁਢਲੀ ਡਾਕਟਰੀ ਸਹਾਇਤਾ ਅਤੇ ਐਮਰਜੈਂਸੀ ਵਿੱਚ ਕੀਟਾਣੂ-ਮੁਕਤ ਕਰਨਾ

**PSIS A-5:** ਖੇਤੀਬਾੜੀ ਵਾਲੇ ਸਥਾਨਾਂ 'ਤੇ ਆਪਣੇ ਆਪ ਨੂੰ ਸਾਹ ਰਾਹੀਂ ਅੰਦਰ ਜਾਣ ਵਾਲੇ ਕੀਟਨਾਸ਼ਕਾਂ ਤੋਂ ਬਚਾਉਣਾ

**PSIS A-6:** ਖੇਤੀਬਾੜੀ ਵਾਲੇ ਸਥਾਨਾਂ 'ਤੇ ਘੱਟੋ-ਘੱਟ ਸੰਪਰਕ ਵਾਲੇ ਕੀਟਨਾਸ਼ਕਾਂ (MEPs) ਲਈ ਸੁਰੱਖਿਆ ਨਿਯਮ

**PSIS A-7:** ਕੀਟਨਾਸ਼ਕਾਂ ਵਾਲੇ ਕੰਮ ਕਰਨ ਵਾਲੇ ਕੱਪੜਿਆਂ ਨੂੰ ਧੋਣਾ

**PSIS A-8:** ਖੇਤੀਬਾੜੀ ਵਾਲੇ ਸਥਾਨਾਂ 'ਤੇ ਕੀਟਨਾਸ਼ਕ ਸੰਭਾਲਣ ਵਾਲਿਆਂ ਲਈ ਸੁਰੱਖਿਆ ਨਿਯਮ

**PSIS A-9:** ਖੇਤ ਮਜ਼ਦੂਰਾਂ ਲਈ ਕੀਟਨਾਸ਼ਕ ਸੁਰੱਖਿਆ ਨਿਯਮ

**PSIS A-10:** ਆਰਗਨੋਫਾਸਫੇਟ ਅਤੇ ਕਾਰਬਾਮੇਟ ਦੀ ਵਰਤੋਂ ਕਰਨ ਵਾਲੇ ਸੰਭਾਲਣ ਵਾਲਿਆਂ ਲਈ ਵਾਧੂ ਡਾਕਟਰੀ ਦੇਖਭਾਲ

ਕੈਲੀਫੋਰਨੀਆ ਦੇ ਕਾਮਿਆਂ ਦੀ ਸੁਰੱਖਿਆ ਵਿਨਿਯਮ ਨਰਸਰੀਆਂ ਅਤੇ ਗ੍ਰੀਨਹਾਉਸਾਂ ਸਮੇਤ ਕੀਟਨਾਸ਼ਕਾਂ ਨਾਲ ਇਲਾਜ ਕੀਤੇ ਗਏ ਖੇਤਾਂ ਵਿੱਚ ਸੱਭਿਆਚਾਰਕ ਗਤੀਵਿਧੀਆਂ ਕਰਨ ਵਾਲੇ ਕਰਮਚਾਰੀਆਂ ਲਈ ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਨੂੰ ਦਰਸਾਉਂਦੇ ਹਨ। ਇਨ੍ਹਾਂ ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਦੀ ਪਾਲਣਾ ਕਰਕੇ, ਖੇਤ ਵਿੱਚ ਕੰਮ ਕਰਨ ਵਾਲਿਆਂ ਨੂੰ ਕੀਟਨਾਸ਼ਕ ਸੁਰੱਖਿਆ ਸੰਬੰਧੀ ਮੁੱਦਿਆਂ ਬਾਰੇ ਪਤਾ ਲੱਗਦਾ ਹੈ ਅਤੇ ਇਹ ਤਰੀਕੇ ਕਰਮਚਾਰੀਆਂ ਦੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨਾਲ ਸੰਪਰਕ ਨੂੰ ਸੀਮਿਤ ਕਰਦੇ ਹਨ ਜਾਂ ਰੋਕਦੇ ਹਨ। ਖੇਤ ਵਿੱਚ ਕੰਮ ਕਰਨ ਵਾਲਿਆਂ ਦੁਆਰਾ ਕੀਤੀਆਂ ਜਾਂਦੀਆਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਸਿੰਚਾਈ, ਨਦੀਣ ਕੱਢਣਾ, ਵਾਢੀ, ਛਾਂਗਣਾ ਆਦਿ ਸ਼ਾਮਲ ਹਨ। ਇਹ ਲੋੜਾਂ ਲਾਗੂ ਹੁੰਦੀਆਂ ਹਨ ਭਾਵੇਂ ਕੰਮ ਹੱਥ ਨਾਲ ਕੀਤਾ ਜਾਵੇ, ਔਜ਼ਾਰਾਂ ਨਾਲ ਜਾਂ ਟ੍ਰੈਕਟਰਾਂ ਨਾਲ। ਕੁਝ ਲੋੜਾਂ ਉਦੋਂ ਲਾਗੂ ਹੁੰਦੀਆਂ ਹਨ ਜਦੋਂ ਉਸ ਵੇਲੇ ਕੰਮ ਕੀਤਾ ਜਾਂਦਾ ਹੈ ਜਦੋਂ ਕਿਸੇ ਖੇਤ ਨੂੰ "ਇਲਾਜ ਕੀਤਾ ਖੇਤ" ਮੰਨਿਆ ਜਾਂਦਾ ਹੈ। ਕਿਸੇ ਖੇਤ ਨੂੰ ਇਸਤੇਮਾਲ ਤੋਂ ਬਾਅਦ 30 ਦਿਨਾਂ ਲਈ "ਇਲਾਜ ਕੀਤਾ ਖੇਤ" ਮੰਨਿਆ ਜਾਂਦਾ ਹੈ ਅਤੇ ਨਾਲ ਹੀ ਪ੍ਰਤਿਬੰਧਿਤ ਦਾਖਲਾ ਅੰਤਰਾਲ ਵੀ ਹੁੰਦਾ ਹੈ।

***ਮਹੱਤਵਪੂਰਨ: ਜੇ ਕੋਈ ਉਤਪਾਦਕ (ਜਾਂ ਉਨ੍ਹਾਂ ਦਾ ਕਰਮਚਾਰੀ) ਖੇਤ ਵਿੱਚ ਕੰਮ ਕਰਨ ਵਾਲਿਆਂ ਨੂੰ ਤੁਰੰਤ ਨਿਗਰਾਨੀ ਜਾਂ ਨਿਰਦੇਸ਼ ਮੁਹੱਈਆ ਕਰਦਾ ਹੈ, ਤਾਂ ਉਤਪਾਦਕ ਨੂੰ ਰੁਜ਼ਗਾਰਦਾਤਾ ਮੰਨਿਆ ਜਾਂਦਾ ਹੈ ਅਤੇ ਉਹ ਸਿਖਲਾਈ ਅਤੇ ਸੁਰੱਖਿਆ ਲੋੜਾਂ ਲਈ ਜ਼ਿੰਮੇਵਾਰ ਹੁੰਦਾ ਹੈ।***

ਜੇ ਖੇਤ ਮਜ਼ਦੂਰ ਠੇਕੇਦਾਰ (ਜਾਂ ਉਸਦਾ ਕਰਮਚਾਰੀ) ਤੁਰੰਤ ਕਰਮਚਾਰੀਆਂ ਦੀ ਨਿਗਰਾਨੀ ਕਰ ਰਹੇ ਹਨ, ਤਾਂ ਉਤਪਾਦਕ ਨੂੰ ਕੁਝ ਮਜ਼ਦੂਰ ਸੁਰੱਖਿਆ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਜਾਂਦਾ ਹੈ।

## ਸਿਖਲਾਈ ਪ੍ਰੋਗਰਾਮ

ਖੇਤੀਬਾੜੀ ਸੰਬੰਧੀ ਖੇਤ ਵਿੱਚ ਕੰਮ ਕਰਨ ਵਾਲਿਆਂ, ਜਿਨ੍ਹਾਂ ਵਿੱਚ ਨਰਸਰੀ ਵਰਕਰ ਵੀ ਸ਼ਾਮਲ ਹਨ, ਨੂੰ ਇਲਾਜ ਕੀਤੇ ਖੇਤ ਵਿੱਚ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਿਖਲਾਈ ਜ਼ਰੂਰ ਮਿਲਣੀ ਚਾਹੀਦੀ ਹੈ। ਕੋਈ ਵੀ ਕਰਮਚਾਰੀ ਜੋ ਪ੍ਰਮਾਣਿਤ ਐਪਲੀਕੇਟਰ ਹੈ, ਨੂੰ ਸਿਖਲਾਈ ਪ੍ਰਾਪਤ ਮੰਨਿਆ ਜਾਂਦਾ ਹੈ। ਸਿਖਲਾਈ ਵਿੱਚ ਫੀਲਡਵਰਕਰ ਸੇਫਟੀ ਟ੍ਰੇਨਿੰਗ ਰਿਕਾਰਡ ਫਾਰਮ (ਕਾਉਂਟੀ ਐਗਰੀਕਲਚਰਲ ਕਮਿਸ਼ਨਰ ਜਾਂ DPR ਦੀ ਵੈੱਬਸਾਈਟ ਤੋਂ ਉਪਲਬਧ) 'ਤੇ ਸੂਚੀਬੱਧ ਲੋੜੀਂਦੇ ਵਿਸ਼ੇ ਸ਼ਾਮਲ ਹੋਣੇ ਚਾਹੀਦੇ ਹਨ, ਅਤੇ ਸਿਖਲਾਈ **ਸਾਲਾਨਾ ਆਧਾਰ 'ਤੇ ਆਯੋਜਿਤ ਕੀਤੀ ਜਾਣੀ ਚਾਹੀਦੀ ਹੈ।** ਸਿਖਲਾਈ ਦਾ ਆਯੋਜਨ ਕਿਸੇ ਯੋਗਤਾ ਪ੍ਰਾਪਤ ਟ੍ਰੇਨਰ ਦੁਆਰਾ ਕੀਤਾ ਜਾਣਾ ਚਾਹੀਦਾ ਹੈ।

ਸਿਖਲਾਈ ਦਿੱਤੇ ਗਏ ਹਰੇਕ ਕਰਮਚਾਰੀ ਲਈ ਇੱਕ ਫਾਰਮ ਭਰੋ ਅਤੇ ਜਿੱਥੇ ਸੰਕੇਤ ਦਿੱਤਾ ਗਿਆ ਹੈ, ਉਨ੍ਹਾਂ ਤੋਂ ਦਸਤਖ਼ਤ ਕਰਵਾਓ। ਫਾਰਮ ਵਿੱਚ ਲਾਜ਼ਮੀ ਤੌਰ 'ਤੇ ਕਰਮਚਾਰੀ ਦਾ ਸਾਫ਼ ਅੱਖਰਾਂ ਵਿੱਚ ਨਾਮ; ਵਰਤੀ ਗਈ ਸਿਖਲਾਈ ਸਮੱਗਰੀ ਦਾ ਸਿਰਲੇਖ ਅਤੇ ਸਰੋਤ; ਰੁਜ਼ਗਾਰਦਾਤਾ ਦਾ ਨਾਮ; ਅਤੇ ਟ੍ਰੇਨਰ ਦਾ ਨਾਮ ਅਤੇ ਯੋਗਤਾਵਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਇਸ ਰਿਕਾਰਡ ਨੂੰ ਕੰਮ ਵਾਲੀ ਥਾਂ 'ਤੇ ਕਿਸੇ ਅਜਿਹੇ ਕੇਂਦਰੀ ਸਥਾਨ 'ਤੇ 2 ਸਾਲਾਂ ਲਈ ਰੱਖਿਆ ਜਾਣਾ ਚਾਹੀਦਾ ਹੈ ਜੋ ਕਰਮਚਾਰੀਆਂ ਲਈ ਪਹੁੰਚਯੋਗ ਹੋਵੇ। ਬੇਨਤੀ ਕੀਤੇ ਜਾਣ 'ਤੇ ਰਿਕਾਰਡ ਕਰਮਚਾਰੀ ਨੂੰ ਮੁਹੱਈਆ ਕੀਤਾ ਜਾਣਾ ਚਾਹੀਦਾ ਹੈ।

## ਐਮਰਜੈਂਸੀ ਡਾਕਟਰੀ ਦੇਖਭਾਲ

ਰੁਜ਼ਗਾਰਦਾਤਾਵਾਂ ਨੂੰ ਇੱਕ ਅਜਿਹੀ ਸਹੂਲਤ ਜਾਂ ਡਾਕਟਰ ਲੱਭਣਾ ਚਾਹੀਦਾ ਹੈ ਜੋ ਇਲਾਜ ਕੀਤੇ ਖੇਤਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਐਮਰਜੈਂਸੀ ਦੇਖਭਾਲ ਮੁਹੱਈਆ ਕਰੇਗਾ। ਖੇਤ ਵਿੱਚ ਕੰਮ ਕਰਨ ਵਾਲੇ, ਜਾਂ ਉਨ੍ਹਾਂ ਦੇ ਖੇਤ ਸੁਪਰਵਾਈਜ਼ਰ ਨੂੰ ਸਹੂਲਤ ਜਾਂ ਡਾਕਟਰ ਦਾ ਨਾਮ ਅਤੇ ਸਥਾਨ ਜ਼ਰੂਰ ਪਤਾ ਹੋਣਾ ਚਾਹੀਦਾ ਹੈ।
ਰੁਜ਼ਗਾਰਦਾਤਾ ਕਰਮਚਾਰੀ ਦਾ ਇਲਾਜ ਕਰ ਰਹੇ ਡਾਕਟਰੀ ਕਰਮਚਾਰੀਆਂ ਨੂੰ ਅੱਗੇ ਦਿੱਤੀ ਜਾਣਕਾਰੀ ਮੁਹੱਈਆ ਕਰੇਗਾ: ਸੁਰੱਖਿਆ ਡੇਟਾ ਸ਼ੀਟ; ਉਤਪਾਦ ਦਾ ਨਾਮ; EPA ਰਜਿਸਟ੍ਰੇਸ਼ਨ ਨੰਬਰ; ਕਿਰਿਆਸ਼ੀਲ ਸਮੱਗਰੀ; ਕਰਮਚਾਰੀ ਕੀ ਕਰ ਰਿਹਾ ਸੀ ਅਤੇ ਸੰਪਰਕ ਕਿਸ ਕਾਰਨ ਹੋਇਆ ਹੋ ਸਕਦਾ ਹੈ।

### ਕਰਮਚਾਰੀ ਨੂੰ ਡਾਕਟਰੀ ਸਹੂਲਤ ਤੱਕ ਲਿਜਾਣਾ

ਜਦੋਂ ਇਹ ਸ਼ੱਕ ਕਰਨ ਦੇ ਵਾਜਬ ਆਧਾਰ ਹੋਣ ਕਿ ਕਿਸੇ ਕਰਮਚਾਰੀ ਨੂੰ ਕੀਟਨਾਸ਼ਕ ਸੰਬੰਧੀ ਬਿਮਾਰੀ ਹੈ ਜਾਂ ਜਦੋਂ ਕਿਸੇ ਕੀਟਨਾਸ਼ਕ ਦੇ ਨਾਲ ਸੰਪਰਕ ਹੋਇਆ ਹੈ ਜਿਸ ਨਾਲ ਕਰਮਚਾਰੀ ਦੇ ਬਿਮਾਰ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ, ਤਾਂ ਰੁਜ਼ਗਾਰਦਾਤਾ ਇਹ ਯਕੀਨੀ ਬਣਾਏਗਾ ਕਿ ਕਰਮਚਾਰੀ ਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਵੇ। ਕਰਮਚਾਰੀ ਨੂੰ ਖੁਦ ਡ੍ਰਾਈਵ ਨਹੀਂ ਕਰਨਾ ਚਾਹੀਦਾ। ਰੁਜ਼ਗਾਰਦਾਤਾ, ਜਾਂ ਰੁਜ਼ਗਾਰਦਾਤਾ ਦਾ ਪ੍ਰਤਿਨਿਧੀ, ਡ੍ਰਾਈਵ ਕਰਕੇ ਕਰਮਚਾਰੀ ਨੂੰ ਡਾਕਟਰੀ ਸਹੂਲਤ ਤੱਕ ਲਿਜਾਏਗਾ।

## ਕੀਟਾਣੂ-ਮੁਕਤ ਕਰਨ ਦੀ ਸਹੂਲਤ

ਰੁਜ਼ਗਾਰਦਾਤਾਵਾਂ ਨੂੰ ਇਲਾਜ ਕੀਤੇ ਖੇਤਾਂ ਵਿੱਚ ਅਜਿਹੇ ਖੇਤ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਕੀਟਾਣੂ-ਮੁਕਤ ਕਰਨ ਦੀਆਂ ਸਹੂਲਤਾਂ ਮੁਹੱਈਆ ਕਰਨੀਆਂ ਚਾਹੀਦੀਆਂ ਹਨ, ਜੋ ਇਲਾਜ ਕੀਤੀਆਂ ਸਤ੍ਹਾਂ ਦੇ ਸੰਪਰਕ ਨਾਲ ਜੁੜੀਆਂ ਗਤੀਵਿਧੀਆਂ ਵਿੱਚ ਲੱਗੇ ਹੋਏ ਹਨ। ਕੀਟਾਣੂ-ਮੁਕਤ ਕਰਨ ਦੀ ਸਹੂਲਤ ਵਿੱਚ ਕੰਮ ਕਰਨ ਦੇ ਦਿਨ ਦੀ ਸ਼ੁਰੂਆਤ ਵਿੱਚ ਪ੍ਰਤੀ ਖੇਤ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਲਈ ਘੱਟੋ-ਘੱਟ 1 ਗੈਲਨ ਪਾਣੀ ਉਪਲਬਧ ਹੋਣਾ ਚਾਹੀਦਾ ਹੈ, ਜਾਂ ਕੰਮ ਦੇ ਦਿਨ ਦੀ ਸ਼ੁਰੂਆਤ ਵਿੱਚ ਜਲਦੀ ਦਾਖਲਾ ਗਤੀਵਿਧੀਆਂ ਲਈ ਪ੍ਰਤੀ ਕਰਮਚਾਰੀ 3 ਗੈਲਨ ਪਾਣੀ, ਸਾਬਣ, ਸਾਫ਼ ਕਵਰਆਲ ਦਾ ਇੱਕ ਵਾਧੂ ਸੈੱਟ, ਅਤੇ ਹੱਥਾਂ ਅਤੇ ਚਿਹਰੇ ਨੂੰ ਧੋਣ ਅਤੇ ਐਮਰਜੈਂਸੀ ਅੱਖਾਂ ਨੂੰ ਧੋਣ ਲਈ ਸਾਫ਼, ਇੱਕ ਵਾਰ ਵਰਤੋਂ ਵਾਲੇ ਤੌਲੀਏ ਹੋਣੇ ਚਾਹੀਦੇ ਹਨ। ਕੀਟਾਣੂ-ਮੁਕਤ ਕਰਨ ਦੀਆਂ ਸਹੂਲਤਾਂ ਹਰ ਸਮੇਂ ਖੇਤ ਵਿੱਚ ਕੰਮ ਕਰਨ ਵਾਲਿਆਂ ਤੋਂ 1/4 ਮੀਲ ਦੇ ਅੰਦਰ ਸਥਿਤ ਹੋਣੀਆਂ ਚਾਹੀਦੀਆਂ ਹਨ। ਇਲਾਜ ਕੀਤੇ ਖੇਤ ਵਿੱਚ ਕੰਮ ਕਰਨ ਤੋਂ ਪਹਿਲਾਂ ਕਰਮਚਾਰੀਆਂ ਨੂੰ ਕੀਟਾਣੂ-ਮੁਕਤ ਕਰਨ ਵਾਲੀ ਥਾਂ ਦੇ ਸਥਾਨ ਬਾਰੇ ਲਾਜ਼ਮੀ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਜੇ ਖੇਤ ਵੱਡਾ ਹੈ, ਤਾਂ ਸਹੂਲਤਾਂ ਵਾਹਨਾਂ ਦੀ ਪਹੁੰਚ ਦੇ ਸਭ ਤੋਂ ਨੇੜਲੇ ਸਥਾਨ 'ਤੇ ਸਥਿਤ ਹੋ ਸਕਦੀਆਂ ਹਨ।

## ਪ੍ਰਤਿਬੰਧਿਤ ਦਾਖਲਾ ਅੰਤਰਾਲ (REI )

ਪ੍ਰਤਿਬੰਧਿਤ ਦਾਖਲਾ ਅੰਤਰਾਲ, ਕਿਸੇ ਕੀਟਨਾਸ਼ਕ ਦੇ ਇਸਤੇਮਾਲ ਤੋਂ ਬਾਅਦ ਘੰਟਿਆਂ ਜਾਂ ਦਿਨਾਂ ਵਿੱਚ ਸਮੇਂ ਦੀ ਮਿਆਦ ਹੁੰਦੀ ਹੈ ਜਦੋਂ ਲੋਕਾਂ ਨੂੰ ਕੀਟਨਾਸ਼ਕ ਇਲਾਜ ਕੀਤੇ ਖੇਤ ਜਾਂ ਹੋਰ ਕੀਟਨਾਸ਼ਕ ਇਲਾਜ ਕੀਤੇ ਖੇਤਰ ਵਿੱਚ ਦਾਖਲ ਹੋਣ ਤੋਂ ਰੋਕਿਆ ਜਾਂਦਾ ਹੈ। REI (ਚੈਪਟਰ ਦੇ ਅੰਤ ਵਿੱਚ ਸੂਚੀ ਦੇਖੋ) ਉਤਪਾਦ ਲੇਬਲ 'ਤੇ ਦਰਸਾਇਆ ਜਾਂਦਾ ਹੈ ਜਾਂ ਵਿਨਿਯਮ ਵਿੱਚ ਪਾਇਆ ਜਾਂਦਾ ਹੈ ਅਤੇ ਇੱਕੋ ਉਤਪਾਦ ਲਈ ਇੱਕ ਤੋਂ ਦੂਜੀ ਫਸਲ ਲਈ ਵੱਖਰਾ ਹੋ ਸਕਦਾ ਹੈ। ਕੁਝ REI ਕਿਸੇ ਵੀ ਹਾਲਤ ਵਿੱਚ ਦਾਖਲੇ ਦੀ ਇਜਾਜ਼ਤ ਨਹੀਂ ਦਿੰਦੇ ਹਨ ਜਦੋਂ ਕਿ ਦੂਸਰੇ ਖਾਸ ਕੰਮਾਂ ਲਈ ਜਲਦੀ ਦਾਖਲੇ ਦੀ ਇਜਾਜ਼ਤ ਦਿੰਦੇ ਹਨ ਜੇ ਨਿੱਜੀ ਸੁਰੱਖਿਆ ਦਾ ਉਪਕਰਨ (PPE) ਪਹਿਨਿਆ ਜਾਂਦਾ ਹੈ।

**ਮਹੱਤਵਪੂਰਨ:** ਜੇ ਕੋਈ ਉਤਪਾਦਕ (ਜਾਂ ਉਨ੍ਹਾਂ ਦਾ ਕਰਮਚਾਰੀ) ਖੇਤ ਵਿੱਚ ਕੰਮ ਕਰਨ ਵਾਲਿਆਂ ਨੂੰ ਤੁਰੰਤ ਨਿਗਰਾਨੀ ਜਾਂ ਨਿਰਦੇਸ਼ ਮੁਹੱਈਆ ਕਰਦਾ ਹੈ, ਤਾਂ **ਉਤਪਾਦਕ ਨੂੰ ਰੁਜ਼ਗਾਰਦਾਤਾ ਮੰਨਿਆ ਜਾਂਦਾ ਹੈ** ਅਤੇ ਉਹ ਸਿਖਲਾਈ ਅਤੇ ਸੁਰੱਖਿਆ ਲੋੜਾਂ ਲਈ ਜ਼ਿੰਮੇਵਾਰ ਹੁੰਦਾ ਹੈ।

ਕਾਮੇ ਕਿਸੇ **ਪੋਸਟਰ ਲਗਾਏ ਖੇਤ ਵਿੱਚ ਸਿਰਫ਼ ਤਾਂ ਹੀ ਦਾਖਲ ਹੋ ਸਕਦੇ ਹਨ** ਜੇ ਉਹ ਉਤਪਾਦ ਲੇਬਲ 'ਤੇ ਜਲਦੀ ਦਾਖਲਾ ਲੋੜਾਂ ਦੇ ਅਧੀਨ ਸੂਚੀਬੱਧ ਸਾਵਧਾਨੀਆਂ ਦੀ ਪਾਲਣਾ ਕਰ ਰਹੇ ਹਨ।

## ਖੇਤ ਵਿੱਚ ਪੋਸਟਰ ਲਗਾਉਣੇ: ਖੇਤ, ਕੈਮੀਗੇਸ਼ਨ, ਬੰਦ ਥਾਂ ਅਤੇ ਧੂਣੀ (ਫਿਊਮੀਗੇਸ਼ਨ)

***ਖੇਤ ਵਿੱਚ ਪੋਸਟਰ ਲਗਾਉਣੇ***

ਅਸੁਰੱਖਿਅਤ ਲੋਕਾਂ ਨੂੰ ਇਸਤੇਮਾਲ ਕੀਤੇ ਗਏ ਕੀਟਨਾਸ਼ਕ ਦੇ ਸੰਪਰਕ ਵਿੱਚ ਆਉਣ ਤੋਂ ਰੋਕਣ ਲਈ ਖੇਤਾਂ ਵਿੱਚ ਪੋਸਟਰ ਲਗਾਏ ਜਾਂਦੇ ਹਨ। ਉਤਪਾਦਕ ਨੂੰ ਲੇਬਲ ਦੀ ਲੋੜ ਅਨੁਸਾਰ ਜਾਂ ਜਦੋਂ ਪ੍ਰਤਿਬੰਧਿਤ ਦਾਖਲਾ ਅੰਤਰਾਲ (REI ) 48 ਘੰਟਿਆਂ ਤੋਂ ਵੱਧ ਹੋਵੇ, ਖੇਤ ਵਿੱਚ ਪੋਸਟਰ ਲਗਾਉਣੇ ਚਾਹੀਦੇ ਹਨ, ਜਦੋਂ ਤੱਕ ਕਿ ਇਲਾਜ ਕੀਤੇ ਖੇਤ ਤੱਕ ਪਹੁੰਚ ਨੂੰ ਨਿਯੰਤ੍ਰਿਤ ਨਾ ਕੀਤਾ ਜਾਂਦਾ ਹੋਵੇ ਜੋ ਇਹ ਯਕੀਨੀ ਬਣਾਉਂਦਾ ਹੋਵੇ ਕਿ ਕੋਈ ਵੀ ਚਿੰਨ੍ਹ ਇਲਾਜ ਕੀਤੇ ਖੇਤਰ ਵਿੱਚ ਦਾਖਲੇ ਦੇ ਸਾਰੇ ਆਮ ਬਿੰਦੂਆਂ 'ਤੇ ਅਤੇ ਇਲਾਜ ਕੀਤੇ ਖੇਤ ਤੋਂ 100 ਫੁੱਟ ਦੇ ਅੰਦਰ ਸਥਿਤ ਕਾਮਿਆਂ ਦੇ ਰਿਹਾਇਸ਼ੀ ਖੇਤਰਾਂ ਦੇ ਨਾਲ ਲੱਗਦੀ ਵੀ ਹੱਦ 'ਤੇ ਦਿਖਾਈ ਦੇਣੇ ਚਾਹੀਦੇ ਹਨ। ਜੇ ਦਾਖਲੇ ਦੇ ਕੋਈ ਪਛਾਣੇ ਗਏ ਆਮ ਬਿੰਦੂ ਨਹੀਂ ਹਨ, ਤਾਂ ਸੰਕੇਤ ਹਰੇਕ ਕੋਨੇ 'ਤੇ ਲਗਾਏ ਜਾਣੇ ਚਾਹੀਦੇ ਹਨ। ਜੇ ਇਲਾਜ ਕੀਤਾ ਗਿਆ ਖੇਤ ਕਿਸੇ ਬਿਨਾਂ ਵਾੜ ਵਾਲੇ ਜਨਤਕ ਰਸਤੇ (ਉਦਾਹਰਨ ਵਜੋਂ: ਇੱਕ ਸੜਕ) ਦੇ ਨਾਲ ਲੱਗਦਾ ਹੈ, ਤਾਂ ਹਰੇਕ ਸਿਰੇ 'ਤੇ ਅਤੇ ਵੱਧ ਤੋਂ ਵੱਧ 600 ਫੁੱਟ ਦੀ ਦੂਰੀ 'ਤੇ ਸੰਕੇਤ ਲਗਾਏ ਜਾਣੇ ਚਾਹੀਦੇ ਹਨ।

ਕਰਮਚਾਰੀ ਇਸਤੇਮਾਲ ਅਤੇ/ਜਾਂ REI ਦੌਰਾਨ ਮੀਲ ਦੇ ਅੰਦਰ ਦਾਖਲ ਨਹੀਂ ਹੋਵੇਗਾ, ਕੰਮ ਨਹੀਂ ਕਰੇਗਾ, ਰਹੇਗਾ, ਜਾਂ ਤੁਰੇਗਾ ਨਹੀਂ। ਇਸ ਤੋਂ ਇਲਾਵਾ, ਸਾਰੀਆਂ ਬੰਦ ਥਾਵਾਂ, ਧੂਣੀ ਦੇਣ (ਫਿਊਮੀਗੇਸ਼ਨ) ਅਤੇ ਕੈਮੀਗੇਸ਼ਨ ਇਸਤੇਮਾਲਾਂ ਲਈ ਚੇਤਾਵਨੀ ਦੇ ਚਿੰਨ੍ਹ ਲਗਾਉਣ ਦੀ ਲੋੜ ਹੁੰਦੀ ਹੈ। ਚਿੰਨ੍ਹ ਇਸਤੇਮਾਲ ਸ਼ੁਰੂ ਹੋਣ ਤੋਂ ਪਹਿਲਾਂ ਲਗਾਏ ਜਾਣੇ ਚਾਹੀਦੇ ਹਨ, ਪਰ 24 ਘੰਟੇ ਤੋਂ ਜ਼ਿਆਦਾ ਪਹਿਲਾਂ ਨਹੀਂ। ਪੂਰੀ ਤਰ੍ਹਾਂ ਬੰਦ ਜਗ੍ਹਾ ਵਿੱਚ ਇਸਤੇਮਾਲਾਂ ਲਈ ਪੋਸਟਰ ਲਗਾਉਣਾ ਜ਼ਰੂਰੀ ਹੈ ਜਦੋਂ ਤੱਕ ਕਿ ਪਹੁੰਚ ਨੂੰ ਅਜਿਹੇ ਤਰੀਕੇ ਨਾਲ ਨਿਯੰਤ੍ਰਿਤ ਨਾ ਕੀਤਾ ਜਾਂਦਾ ਹੋਵੇ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਕਰਮਚਾਰੀ ਇਸਤੇਮਾਲ ਅਤੇ REI ਦੌਰਾਨ ਬੰਦ ਜਗ੍ਹਾ ਵਿੱਚ ਦਾਖਲ ਨਹੀਂ ਹੋਵੇਗਾ, ਕੰਮ ਨਹੀਂ ਕਰੇਗਾ, ਅੰਦਰ ਨਹੀਂ ਰਹੇਗਾ, ਜਾਂ ਉਸ ਵਿੱਚੋਂ ਲੰਘੇਗਾ ਨਹੀਂ। ਬੰਦ ਜਗ੍ਹਾ ਦੀ ਪਰਿਭਾਸ਼ਾ ਹੈ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਬੰਦ ਜਗ੍ਹਾ, ਜੋ ਦਾਖਲੇ ਦੀ ਆਗਿਆ ਦੇਣ ਲਈ ਲੋੜੀਂਦੇ ਆਕਾਰ ਦੇ ਗੈਰ-ਪੋਰਸ ਕਵਰ ਦੇ ਨਾਲ ਢਕੀ ਹੋਈ ਹੋਵੇ, ਅਤੇ ਜਿਸ ਨੂੰ ਕਿਸੇ ਖੇਤੀਬਾੜੀ ਵਸਤੂ ਦੇ ਵਪਾਰਕ ਜਾਂ ਖੋਜ ਉਤਪਾਦਨ ਵਿੱਚ ਵਰਤਿਆ ਜਾਂਦਾ ਹੈ। ਕੁਝ ਉਦਾਹਰਨਾਂ ਵਿੱਚ ਗ੍ਰੀਨਹਾਊਸ, ਮਸ਼ਰੂਮ ਹਾਊਸ, ਹੂਪ ਹਾਊਸ, ਆਦਿ ਸ਼ਾਮਲ ਹਨ।

ਬੰਦ ਥਾਂ ਵਿੱਚ ਕੀਤੇ ਗਏ ਬਾਕੀ ਸਾਰੇ ਇਸਤੇਮਾਲਾਂ ਵਿੱਚ ਵੀ ਪੋਸਟਰ ਲਗਾਉਣਾ ਜ਼ਰੂਰੀ ਹੈ, ਜੋ ਉੱਪਰ ਨਹੀਂ ਦਿੱਤੇ ਗਏ ਹਨ, ਜਿਨ੍ਹਾਂ ਦੇ ਨਤੀਜੇ ਵਜੋਂ 4 ਘੰਟਿਆਂ ਤੋਂ ਵੱਧ ਦਾ REI ਹੁੰਦਾ ਹੈ ਜਦੋਂ ਤੱਕ ਕਿ ਬੰਦ ਜਗ੍ਹਾ ਤੱਕ ਪਹੁੰਚ ਨੂੰ ਇਸ ਤਰੀਕੇ ਨਾਲ ਨਿਯੰਤ੍ਰਿਤ ਨਹੀਂ ਕੀਤਾ ਜਾਂਦਾ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਕਰਮਚਾਰੀ ਇਸਤੇਮਾਲ ਅਤੇ REI ਦੌਰਾਨ ਬੰਦ ਜਗ੍ਹਾ ਵਿੱਚ ਦਾਖਲ ਨਹੀਂ ਹੋਵੇਗਾ, ਕੰਮ ਨਹੀਂ ਕਰੇਗਾ, ਅੰਦਰ ਨਹੀਂ ਰਹੇਗਾ, ਜਾਂ ਉਸ ਵਿੱਚੋਂ ਲੰਘੇਗਾ ਨਹੀਂ।

ਕਾਮੇ ਕਿਸੇ ਪੋਸਟਰ ਲਗਾਏ ਖੇਤ ਵਿੱਚ ਸਿਰਫ਼ ਤਾਂ ਹੀ ਦਾਖਲ ਹੋ ਸਕਦੇ ਹਨ ਜੇ ਉਹ ਉਤਪਾਦ ਲੇਬਲ 'ਤੇ ਜਲਦੀ ਦਾਖਲਾ ਲੋੜਾਂ ਦੇ ਅਧੀਨ ਸੂਚੀਬੱਧ ਸਾਵਧਾਨੀਆਂ ਦੀ ਪਾਲਣਾ ਕਰ ਰਹੇ ਹਨ। REI ਦੀ ਸਮਾਪਤੀ ਤੋਂ ਬਾਅਦ 3 ਦਿਨਾਂ ਦੇ ਅੰਦਰ ਅਤੇ ਅਸੁਰੱਖਿਅਤ ਕਾਮਿਆਂ ਨੂੰ ਦਾਖਲ ਹੋਣ ਦੀ ਆਗਿਆ ਦੇਣ ਤੋਂ ਪਹਿਲਾਂ ਲਗਾਏ ਗਏ ਚਿਤਾਵਨੀ ਚਿੰਨ੍ਹਾਂ ਨੂੰ ਉਤਾਰ ਦੇਣਾ ਚਾਹੀਦਾ ਹੈ।

ਚਿਤਾਵਨੀ ਚਿੰਨ੍ਹ 25 ਫੁੱਟ ਦੀ ਦੂਰੀ ਤੋਂ ਪੜ੍ਹਨਯੋਗ ਹੋਣੇ ਚਾਹੀਦੇ ਹਨ ਅਤੇ ਇਸਤੇਮਾਲ ਅਤੇ REI ਦੇ ਦੌਰਾਨ ਅੰਗਰੇਜ਼ੀ ਅਤੇ ਸਪੈਨਿਸ਼ ਦੋਵਾਂ ਵਿੱਚ ਸਪਸ਼ਟ ਤੌਰ 'ਤੇ ਲਿਖੇ ਹੋਣੇ ਚਾਹੀਦੇ ਹਨ।

**ਚਿੰਨ੍ਹ #1:**




**ਆਮ ਵਰਤੋਂ**

**ਚਿੰਨ੍ਹ #2:**





**ਪ੍ਰਤਿਬੰਧਿਤ 48 ਘੰਟਿਆਂ ਤੋਂ ਵੱਧ ਦਾ ਦਾਖਲਾ ਅੰਤਰਾਲ**

**ਚਿੰਨ੍ਹ #3:**




**ਫਿਊਮਿਗੇਸ਼ਨ (ਧੂਣੀ)**

**ਚਿੰਨ੍ਹ #4:**




**ਕੈਮੀਗੇਸ਼ਨ**

**ਰੁਜ਼ਗਾਰਦਾਤਾ ਇਹ ਪੱਕਾ ਕਰੇਗਾ** ਕਿ ਜਲਦੀ-ਦਾਖਲਾ ਖੇਤ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਮਨੁੱਖੀ ਖ਼ਤਰਿਆਂ ਜਾਂ ਸਾਵਧਾਨੀਆਂ ਨਾਲ ਸੰਬੰਧਿਤ ਕੀਟਨਾਸ਼ਕ ਉਤਪਾਦ ਲੇਬਲਿੰਗ ਲੋੜਾਂ, ਮੁਢਲੀ ਡਾਕਟਰੀ ਸਹਾਇਤਾ, ਜ਼ਹਿਰੀਲੇਪਣ ਦੇ ਲੱਛਣਾਂ, ਇਲਾਜ ਕੀਤੇ ਖੇਤਾਂ ਵਿੱਚ ਜਲਦੀ-ਦਾਖਲੇ ਲਈ ਲੋੜੀਂਦੇ PPE ਦੀ ਵਰਤੋਂ ਅਤੇ ਦੇਖਭਾਲ, ਰੋਕਥਾਮ, ਪਛਾਣ, ਅਤੇ ਗਰਮੀ ਨਾਲ ਸੰਬੰਧਿਤ ਬਿਮਾਰੀ ਲਈ ਮੁਢਲੀ ਡਾਕਟਰੀ ਸਹਾਇਤਾ ਅਤੇ ਸੰਪਰਕ ਦੀ ਮਿਆਦ ਦੇ ਅੰਤ 'ਤੇ ਚੰਗੀ ਤਰ੍ਹਾਂ ਧੋਣ ਦੇ ਮਹੱਤਵ ਬਾਰੇ ਸੂਚਿਤ ਕੀਤਾ ਜਾਵੇ।

## ਇਲਾਜ ਕੀਤੇ ਖੇਤਾਂ ਵਿੱਚ ਜਲਦੀ ਦਾਖਲਾ

ਰੁਜ਼ਗਾਰਦਾਤਾ ਇਹ ਯਕੀਨੀ ਬਣਾਏਗਾ ਕਿ ਜਲਦੀ-ਦਾਖਲਾ ਖੇਤ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਘੱਟੋ-ਘੱਟ ਜ਼ੁਬਾਨੀ ਤੌਰ 'ਤੇ ਜਲਦੀ-ਦਾਖਲਾ ਖੇਤਰ ਦੇ ਟਿਕਾਣੇ ਬਾਰੇ ਸੂਚਿਤ ਕੀਤਾ ਜਾਵੇ ਜਿੱਥੇ ਕੰਮ ਕੀਤਾ ਜਾਣਾ ਹੈ, ਕਿਹੜੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਗਿਆ ਹੈ, ਪ੍ਰਤਿਬੰਧਿਤ ਦਾਖਲਾ ਅੰਤਰਾਲ (REI ) ਦੀ ਮਿਆਦ ਸ਼ੁਰੂ ਹੋਣ ਅਤੇ ਖਤਮ ਹੋਣ ਦੀ ਮਿਤੀ ਅਤੇ ਸਮਾਂ, ਮਨੁੱਖੀ ਖ਼ਤਰਿਆਂ ਜਾਂ ਸਾਵਧਾਨੀਆਂ ਨਾਲ ਸੰਬੰਧਿਤ ਕੀਟਨਾਸ਼ਕ ਉਤਪਾਦ ਲੇਬਲ ਦੀਆਂ ਲੋੜਾਂ, ਮੁਢਲੀ ਡਾਕਟਰੀ ਸਹਾਇਤਾ, ਜ਼ਹਿਰੀਲਾ ਅਸਰ ਹੋਣ ਦੇ ਲੱਛਣ, ਇਲਾਜ ਕੀਤੇ ਖੇਤਾਂ ਵਿੱਚ ਜਲਦੀ-ਦਾਖਲੇ ਲਈ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਨ (PPE) ਦੀ ਵਰਤੋਂ ਅਤੇ ਦੇਖਭਾਲ, ਗਰਮੀ ਨਾਲ ਸੰਬੰਧਿਤ ਬਿਮਾਰੀ ਦੀ ਰੋਕਥਾਮ, ਪਛਾਣ ਅਤੇ ਇਸਦੇ ਲਈ ਮੁਢਲੀ ਡਾਕਟਰੀ ਸਹਾਇਤਾ (ਕੈਲੀਫੋਰਨੀਆ ਕੋਡ ਔਫ਼ ਰੈਗੂਲੇਸ਼ਨ ਸੈਕਸ਼ਨ 3395 ਦੇ ਸਿਰਲੇਖ 8 ਦੇ ਅਨੁਸਾਰ), ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ (PSIS) A-9 ਦਾ ਸਥਾਨ ਅਤੇ ਸੰਪਰਕ ਮਿਆਦ ਦੇ ਅੰਤ 'ਤੇ ਚੰਗੀ ਤਰ੍ਹਾਂ ਧੋਣ ਦਾ ਮਹੱਤਵ।

ਰੁਜ਼ਗਾਰਦਾਤਾ ਇਸ ਕਿਤਾਬਚੇ ਦੇ ਕੀਟਨਾਸ਼ਕ ਹੈਂਡਲਰ ਸੁਰੱਖਿਆ ਭਾਗ ਵਿੱਚ ਦੱਸੇ ਗਏ ਸਾਰੇ ਲੋੜੀਂਦੇ PPE ਮੁਹੱਈਆ ਕਰੇਗਾ, ਅਤੇ ਇਹ ਯਕੀਨੀ ਬਣਾਏਗਾ ਕਿ PPE ਨੂੰ ਇਸਦੇ ਇਦਾਰਤਨ ਉਦੇਸ਼ ਲਈ ਸਹੀ ਢੰਗ ਨਾਲ ਵਰਤਿਆ ਜਾਂਦਾ ਹੈ। PPE ਰੁਜ਼ਗਾਰਦਾਤਾ ਦੀ ਜਾਇਦਾਦ ਰਹੇਗਾ।

ਰੁਜ਼ਗਾਰਦਾਤਾ ਇਹ ਯਕੀਨੀ ਬਣਾਏਗਾ ਕਿ ਅੱਖਾਂ ਨੂੰ ਧੋਣ ਵਾਲੇ ਘੋਲ ਦਾ ਘੱਟੋ-ਘੱਟ ਇੱਕ ਪਾਇੰਟ (16 ਤਰਲ ਔਂਸ) ਹਰੇਕ ਖੇਤ ਵਿੱਚ ਕੰਮ ਕਰਨ ਵਾਲੇ ਲਈ ਤੁਰੰਤ ਪਹੁੰਚਯੋਗ ਹੋਵੇ (ਖੇਤ ਵਿੱਚ ਕੰਮ ਕਰਨ ਵਾਲੇ ਦੇ ਕੋਲ ਜਾਂ ਖੇਤ ਵਿੱਚ ਕੰਮ ਕਰਨ ਵਾਲੇ ਦੁਆਰਾ ਵਰਤੇ ਜਾ ਰਹੇ ਵਾਹਨ 'ਤੇ ਰੱਖਿਆ ਜਾਂਦਾ ਹੈ) ਜੋ ਇਲਾਜ ਕੀਤੇ ਖੇਤ ਵਿੱਚ ਜਲਦੀ-ਦਾਖਲਾ ਗਤੀਵਿਧੀਆਂ ਕਰ ਰਿਹਾ ਹੈ ਜਿਸ ਲਈ ਕੀਟਨਾਸ਼ਕ ਉਤਪਾਦ ਲੇਬਲ ਦੇ ਅਨੁਸਾਰ ਕਿਸੇ ਵੀ REI ਨਿਰਧਾਰਤ ਸਮੇਂ ਦੌਰਾਨ ਸੁਰੱਖਿਆ ਐਨਕਾਂ ਦੀ ਲੋੜ ਹੁੰਦੀ ਹੈ।

ਰੁਜ਼ਗਾਰਦਾਤਾ ਇਹ ਯਕੀਨੀ ਬਣਾਏਗਾ ਕਿ ਸੱਭਿਆਚਾਰਕ ਅਭਿਆਸਾਂ ਵਿੱਚ ਲੱਗੇ ਜਲਦੀ-ਦਾਖਲਾ ਖੇਤ ਵਿੱਚ ਕੰਮ ਕਰਨ ਵਾਲਿਆਂ ਨੂੰ (ਉਸ ਜਗ੍ਹਾ 'ਤੇ ਜਿੱਥੇ ਉਹ PPE ਹਟਾਉਂਦੇ ਹਨ) ਪ੍ਰਤੀ ਕਰਮਚਾਰੀ ਘੱਟੋ-ਘੱਟ 3 ਗੈਲਨ ਪਾਣੀ, ਸਾਬਣ, ਅਤੇ ਸਾਫ਼ ਇੱਕ ਵਾਰ ਵਰਤੇ ਜਾਣ ਵਾਲੇ ਤੌਲੀਏ ਮੁਹੱਈਆ ਕੀਤੇ ਜਾਣ ਤਾਂ ਜੋ ਉਹ ਸੰਪਰਕ ਮਿਆਦ ਦੇ ਅੰਤ 'ਤੇ ਚੰਗੀ ਤਰ੍ਹਾਂ ਧੋ ਸਕਣ। ਪਾਣੀ ਅਜਿਹੀ ਗੁਣਵੱਤਾ ਵਾਲਾ ਅਤੇ ਅਜਿਹੇ ਤਾਪਮਾਨ 'ਤੇ ਹੋਣਾ ਚਾਹੀਦਾ ਹੈ ਜੋ ਕਰਮਚਾਰੀਆਂ ਦੀ ਚਮੜੀ ਜਾਂ ਅੱਖਾਂ ਦੇ ਸੰਪਰਕ ਵਿੱਚ ਆਉਣ 'ਤੇ ਜਾਂ ਨਿਗਲਣ 'ਤੇ ਬਿਮਾਰੀ ਜਾਂ ਸੱਟ ਦਾ ਕਾਰਨ ਨਾ ਬਣੇ। ਪਾਣੀ ਨੂੰ ਕੀਟਨਾਸ਼ਕਾਂ ਨਾਲ ਮਿਲਾਏ ਜਾਣ ਲਈ ਵਰਤੇ ਜਾਣ ਵਾਲੇ ਪਾਣੀ ਤੋਂ ਵੱਖਰਾ ਸਟੋਰ ਕੀਤਾ ਜਾਣਾ ਚਾਹੀਦਾ ਹੈ ਜਦੋਂ ਤੱਕ ਕਿ ਕੀਟਨਾਸ਼ਕਾਂ ਨਾਲ ਮਿਲਾਏ ਜਾਣ ਵਾਲਾ ਪਾਣੀ ਰੱਖਣ ਵਾਲੇ ਟੈਂਕ ਵਿੱਚ ਢੁਕਵੇਂ ਵਾਲਵ ਨਾ ਲੱਗੇ ਹੋਣ ਤਾਂ ਜੋ ਕੀਟਨਾਸ਼ਕਾਂ ਨੂੰ ਵਾਪਸ ਪਾਣੀ ਵਿੱਚ ਜਾਣ ਤੋਂ ਰੋਕਦੇ ਹਨ। ਰੁਜ਼ਗਾਰਦਾਤਾ ਜਲਦੀ-ਦਾਖਲਾ ਗਤੀਵਿਧੀਆਂ ਵਿੱਚ ਲੱਗੇ ਕਰਮਚਾਰੀਆਂ ਲਈ ਇੱਕ ਸਾਫ਼ ਕਵਰਆਲ ਮੁਹੱਈਆ ਕਰੇਗਾ ਅਤੇ ਇਸਨੂੰ ਕੀਟਾਣੂ-ਮੁਕਤ ਕਰਨ ਵਾਲੀ ਥਾਂ 'ਤੇ ਉਪਲਬਧ ਕਰਵਾਏਗਾ।

ਰੁਜ਼ਗਾਰਦਾਤਾ ਇਹ ਯਕੀਨੀ ਬਣਾਏਗਾ ਕਿ ਜਲਦੀ-ਦਾਖਲਾ ਵਾਲੇ ਖੇਤ ਵਿੱਚ ਕੰਮ ਕਰਨ ਵਾਲਿਆਂ ਨੂੰ ਕੰਮ ਦੀ ਸ਼ੁਰੂਆਤ ਵਿੱਚ ਨਿੱਜੀ ਕੱਪੜੇ ਸਟੋਰ ਕਰਨ ਅਤੇ PPE ਪਾਉਣ ਅਤੇ ਸੰਪਰਕ ਮਿਆਦ ਦੇ ਅੰਤ ਵਿੱਚ PPE ਉਤਾਰਨ ਲਈ ਇੱਕ ਸਾਫ਼, ਕੀਟਨਾਸ਼ਕ-ਮੁਕਤ ਥਾਂ ਦਿੱਤੀ ਜਾਵੇ।

ਜਦੋਂ ਜ਼ਰੂਰੀ ਹੋਵੇ, ਰੁਜ਼ਗਾਰਦਾਤਾ ਗਰਮੀ ਨਾਲ ਸੰਬੰਧਿਤ ਬਿਮਾਰੀ ਨੂੰ ਰੋਕਣ ਲਈ ਢੁਕਵੇਂ ਉਪਾਅ ਕਰੇਗਾ।

ਕਰਮਚਾਰੀ ਕੁਝ ਸ਼ਰਤਾਂ ਅਧੀਨ REI ਦੌਰਾਨ ਇਲਾਜ ਕੀਤੇ ਖੇਤ ਵਿੱਚ ਦਾਖਲ ਹੋ ਸਕਦੇ ਹਨ:

- ਕੀਟਨਾਸ਼ਕਾਂ ਨੂੰ ਸੰਭਾਲਣ ਦੀਆਂ ਗਤੀਵਿਧੀਆਂ ਕਰਨ ਲਈ, ਜਿਵੇਂ ਕਿ ਮਿੱਟੀ ਵਿੱਚ ਸ਼ਾਮਲ ਕਰਨਾ, ਬਸ਼ਰਤੇ ਕਰਮਚਾਰੀ ਕੀਟਨਾਸ਼ਕਾਂ ਨੂੰ ਸੰਭਾਲਣ ਵਾਲਿਆਂ ਲਈ ਲੇਬਲ 'ਤੇ ਸੂਚੀਬੱਧ PPE ਪਹਿਨਣ।
- "ਕੋਈ ਸੰਪਰਕ ਨਹੀਂ" ਗਤੀਵਿਧੀਆਂ (ਅਜਿਹੀਆਂ ਗਤੀਵਿਧੀਆਂ ਜੋ ਇਲਾਜ ਕੀਤੇ ਪੌਦਿਆਂ, ਮਿੱਟੀ, ਪਾਣੀ, ਜਾਂ ਉਪਕਰਨਾਂ ਨਾਲ ਸੰਪਰਕ ਦੀ ਆਗਿਆ ਨਹੀਂ ਦਿੰਦੀਆਂ) ਕਰਨ ਲਈ, ਜਿਸ ਵਿੱਚ ਇੱਕ ਬੰਦ ਕੈਬ ਤੋਂ ਉਪਕਰਨ ਚਲਾਉਣਾ ਸ਼ਾਮਲ ਹੈ।
- ਸਿੰਚਾਈ ਸਮੇਤ ਜ਼ਰੂਰੀ ਅਤੇ ਅਣਕਿਆਸੀਆਂ "ਸੀਮਤ ਸੰਪਰਕ" ਗਤੀਵਿਧੀਆਂ (ਅਜਿਹੀਆਂ ਗਤੀਵਿਧੀਆਂ ਜਿੱਥੇ ਸੰਪਰਕ ਘੱਟ ਤੋਂ ਘੱਟ ਹੁੰਦਾ ਹੈ ਅਤੇ ਸੰਪਰਕ ਹੱਥਾਂ ਅਤੇ ਅਗਲੀਆਂ ਬਾਹਾਂ, ਪੈਰਾਂ ਅਤੇ ਗੋਡਿਆਂ ਤੋਂ ਹੇਠਾਂ ਲੱਤਾਂ ਤੱਕ ਸੀਮਿਤ ਹੁੰਦਾ ਹੈ) ਕਰਨ ਲਈ, ਬਸ਼ਰਤੇ ਕਿ: ਖੇਤ ਵਿੱਚ ਕੰਮ ਕਰਨ ਵਾਲੇ ਜਲਦੀ-ਦਾਖਲਾ ਲੋੜਾਂ ਲਈ ਲੇਬਲ 'ਤੇ ਸੂਚੀਬੱਧ PPE ਪਹਿਨਣ;
    - ਦਾਖਲਾ ਇਸਤੇਮਾਲ ਤੋਂ ਘੱਟੋ-ਘੱਟ 4 ਘੰਟੇ ਬਾਅਦ ਹੁੰਦਾ ਹੈ ਅਤੇ ਕਰਮਚਾਰੀ 24 ਘੰਟਿਆਂ ਦੀ ਮਿਆਦ ਵਿੱਚ 8 ਘੰਟਿਆਂ ਤੋਂ ਵੱਧ ਸਮੇਂ ਲਈ ਖੇਤ ਵਿੱਚ ਨਹੀਂ ਰਹਿੰਦਾ;
    - ਕੀਟਨਾਸ਼ਕ ਉਤਪਾਦ ਲੇਬਲ ਦੇ ਅਨੁਸਾਰ ਜ਼ੁਬਾਨੀ ਅਤੇ ਪੋਸਟ ਕੀਤੀ ਸੂਚਨਾ ਦੋਵਾਂ ਦੀ ਲੋੜ ਨਹੀਂ ਹੈ; ਅਤੇ
    - ਸਾਹ ਰਾਹੀਂ ਅੰਦਰ ਜਾਣ ਦਾ ਸੰਪਰਕ
    - ਕਿਸੇ ਵੀ ਕੀਟਨਾਸ਼ਕ ਉਤਪਾਦ ਲੇਬਲਿੰਗ ਮਿਆਰ ਜਾਂ ਗ੍ਰੀਨਹਾਉਸ ਹਵਾਦਾਰੀ ਮਾਪਦੰਡ ਨੂੰ ਪਾਰ ਨਹੀਂ ਕਰਦਾ ਹੈ।.

ਰੁਜ਼ਗਾਰਦਾਤਾ **ਗਰਮੀ ਨਾਲ ਸੰਬੰਧਿਤ ਬਿਮਾਰੀ ਨੂੰ** ਰੋਕਣ ਲਈ ਢੁਕਵੇਂ ਉਪਾਅ ਕਰੇਗਾ।



ਕੀਟਨਾਸ਼ਕ ਉਤਪਾਦ ਲੇਬਲ 'ਤੇ ਦਰਸਾਏ ਗਏ ਪ੍ਰਤਿਬੰਧਿਤ ਦਾਖਲਾ ਅੰਤਰਾਲ (REI ) ਦੀ ਮਿਆਦ ਸਮਾਪਤ ਹੋਣ ਤੋਂ ਬਾਅਦ ਅਤੇ ਜਦੋਂ ਕੈਲੀਫੋਰਨੀਆ ਵਿਨਿਯਮ ਦੁਆਰਾ ਵਧਾਇਆ ਗਿਆ REI ਲਾਗੂ ਹੁੰਦਾ ਹੈ, ਕੋਈ ਕਰਮਚਾਰੀ ਇਸਦੇ ਲਈ ਇਲਾਜ ਕੀਤੇ ਖੇਤ ਵਿੱਚ ਦਾਖਲ ਹੋ ਸਕਦਾ ਹੈ:

- ਹੱਥੀਂ ਕੰਮ ਕਰਨ ਤੋਂ ਇਲਾਵਾ ਹੋਰ ਗਤੀਵਿਧੀਆਂ ਕਰਨੀਆਂ, ਬਸ਼ਰਤੇ ਕਿ ਕਰਮਚਾਰੀਆਂ ਨੇ ਲੰਬੀਆਂ ਬਾਹਾਂ ਅਤੇ ਲੰਬੀਆਂ ਪੈਂਟਾਂ ਵਾਲੇ ਕੰਮ ਕਰਨ ਦੇ ਕੱਪੜੇ, ਜੁਰਾਬਾਂ ਦੇ ਨਾਲ ਜੁੱਤੇ ਅਤੇ ਦਸਤਾਨੇ ਪਹਿਨੇ ਹੋਣ।

ਖੇਤ ਵਿੱਚ ਕੰਮ ਕਰਨ ਵਾਲਿਆਂ ਨੂੰ ਖੇਤ ਵਿੱਚ ਜਲਦੀ ਦਾਖਲੇ ਤੋਂ ਪਹਿਲਾਂ ਲੋੜੀਂਦੇ PPE ਦੀ ਵਰਤੋਂ ਸਮੇਤ, ਕੀਟਨਾਸ਼ਕ ਲੇਬਲ ਬਾਰੇ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ।

## ਬੰਦ ਥਾਂ ਹਵਾਦਾਰੀ ਮਾਪਦੰਡ

ਜਦੋਂ ਕੋਈ ਅਜਿਹਾ ਕੀਟਨਾਸ਼ਕ, ਜਿਸਦੇ ਲਈ ਸਾਹ ਦੀ ਸੁਰੱਖਿਆ ਦੀ ਲੋੜ ਹੁੰਦੀ ਹੈ, ਕਿਸੇ ਵੀ ਤਰੀਕੇ ਨਾਲ ਇਸਤੇਮਾਲ ਕੀਤਾ ਜਾਂਦਾ ਹੈ, ਜਾਂ ਜਦੋਂ ਕੋਈ ਕੀਟਨਾਸ਼ਕ ਕਿਸੇ ਬੰਦ ਜਗ੍ਹਾ ਦੇ ਅੰਦਰ ਧੂਣੀ, ਧੂੰਏਂ, ਧੁੰਦ, ਕੋਹਰੇ ਜਾਂ ਐਰੋਸੋਲ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ, ਤਾਂ ਹਵਾਦਾਰੀ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ:

- ਗਾੜ੍ਹੇਪਣ ਨੂੰ ਮਾਪਿਆ ਜਾਂਦਾ ਹੈ ਅਤੇ ਪਾਇਆ ਜਾਂਦਾ ਹੈ ਕਿ ਇਹ ਕਿਸੇ ਵੀ ਕੀਟਨਾਸ਼ਕ ਉਤਪਾਦ ਲੇਬਲਿੰਗ ਮਿਆਰ ਤੋਂ ਵੱਧ ਨਹੀਂ ਹੈ; ਜਾਂ
- ਜੇ ਕੋਈ ਲੇਬਲਿੰਗ ਮਿਆਰ ਨਹੀਂ ਹੈ ਤਾਂ ਹੇਠ ਲਿਖਿਆਂ ਵਿੱਚੋਂ ਇੱਕ ਵਾਪਰਿਆ ਹੈ:
    - ਦਸ ਹਵਾਈ ਆਦਾਨ-ਪ੍ਰਦਾਨ ਪੂਰੇ ਹੋ ਗਏ ਹਨ;
    - ਦੋ ਘੰਟੇ ਦੀ ਮਕੈਨੀਕਲ ਹਵਾਦਾਰੀ, ਜਿਵੇਂ ਕਿ ਪੱਖਿਆਂ ਦੇ ਨਾਲ, ਪੂਰੀ ਹੋ ਗਈ ਹੈ;
    - ਚਾਰ ਘੰਟੇ ਗੈਰ-ਸਰਗਰਮ ਹਵਾਦਾਰੀ, ਜਿਵੇਂ ਕਿ ਵੈਂਟ, ਖਿੜਕੀਆਂ, ਜਾਂ ਦਰਵਾਜ਼ੇ ਖੋਲ੍ਹਣਾ, ਪੂਰੇ ਹੋ ਗਈ ਹੈ;
    - ਚੌਵੀ ਘੰਟਿਆਂ ਲਈ ਕੋਈ ਹਵਾਦਾਰੀ ਨਹੀਂ ਹੁੰਦੀ ਹੈ; ਜਾਂ
    - ਉਪਰੋਕਤ ਵਿਕਲਪਾਂ ਦੇ ਪ੍ਰਤਿਸ਼ਤ ਹਿੱਸਿਆਂ ਦਾ ਕੋਈ ਵੀ ਸੁਮੇਲ ਪੂਰਾ ਹੋ ਜਾਂਦਾ ਹੈ ਜੋ 100% ਦੇ ਬਰਾਬਰ ਹੈ।

**ਖੇਤ ਵਿੱਚ ਕੰਮ ਕਰਨ ਵਾਲਿਆਂ** ਨੂੰ ਖੇਤ ਵਿੱਚ ਜਲਦੀ ਦਾਖਲੇ ਤੋਂ ਪਹਿਲਾਂ ਲੋੜੀਂਦੇ PPE ਦੀ ਵਰਤੋਂ ਸਮੇਤ, ਕੀਟਨਾਸ਼ਕ ਲੇਬਲ ਬਾਰੇ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ।

## ਵਧਾਏ ਗਏ ਪ੍ਰਤਿਬੰਧਿਤ ਦਾਖਲਾ ਅੰਤਰਾਲ

ਪ੍ਰਤਿਬੰਧਿਤ ਦਾਖਲਾ ਅੰਤਰਾਲਾਂ ਵਿੱਚ ਤਬਦੀਲੀਆਂ ਨੂੰ ਨੋਟ ਕਰੋ।

**ਜਿੱਥੇ ਸਮੱਸਿਆਵਾਂ ਕਿਸੇ ਖਾਸ ਕੀਟਨਾਸ਼ਕ ਨਾਲ ਜੁੜੀਆਂ ਹੋਈਆਂ ਹਨ, ਉੱਥੇ ਵਿਨਿਯਮ ਦੁਆਰਾ ਪ੍ਰਤਿਬੰਧਿਤ ਦਾਖਲਾ ਅੰਤਰਾਲ (REI ) ਨੂੰ ਵਧਾਇਆ ਗਿਆ ਹੈ। ਵਪਾਰਕ ਨਾਮ ਬ੍ਰੈਕਟਾਂ ਵਿੱਚ ਸ਼ਾਮਲ ਕੀਤੇ ਗਏ ਹਨ ਕਿਉਂਕਿ ਜ਼ਿਆਦਾਤਰ ਉਤਪਾਦ ਇਨ੍ਹਾਂ ਨਾਮਾਂ ਨਾਲ ਵੇਚੇ ਜਾਂਦੇ ਹਨ। ਸੂਚੀਬੱਧ ਨਾ ਕੀਤੇ ਗਏ ਹੋਰ ਵਪਾਰਕ ਨਾਮ ਜਿਨ੍ਹਾਂ ਵਿੱਚ ਹੇਠਾਂ ਸੂਚੀਬੱਧ ਕਿਰਿਆਸ਼ੀਲ ਤੱਤ ਸ਼ਾਮਲ ਹਨ, ਸਮਾਨ ਪਰਮਿਟ ਲੋੜਾਂ ਦੇ ਅਧੀਨ ਹਨ।**

| ਕੀਟਨਾਸ਼ਕ | ਸੇਬ | ਨਿੰਬੂ ਜਾਤੀ | ਮੱਕੀ | ਅੰਗੂਰ | ਆੜੂ/ਨੈਕਟਰਾਈਨ | ਹੋਰ ਫਸਲਾਂ |
|---|---|---|---|---|---|---|
| ਡਾਇਜ਼ੀਨਨ (Diazinon) | | 5 | | 5 | 5 | |
| ਐਂਡੋਸਲਫਾਨ (Endosulfan) | 2 | 2 | 2 | 2 | 2 | 2 |
| ਮੈਲਾਥੀਅਨ (Malathion) | | 1 | | 1 | 1 | |
| ਮੈਥੋਮਾਈਲ (Methomyl) [Lannate] | | | | 7(C) | | |
| ਫੋਰੇਟ (Phorate) [Thimet] | | | 7 | | | |
| ਫਾਸਮੇਟ (Phosmet) [Imidan] | | | | 5 | 5 | |
| ਪ੍ਰੋਪਾਰਗਾਈਟ (Propargite) [Omite/Comite] | 21 | 42 | 7 | 30 | 21 | 21(F)(G) |
| ਗੰਧਕ | | | | 3(H) | | |

**ਫੁੱਟ-ਨੋਟ (ਪਗ ਟਿੱਪਣੀਆਂ):**
**ਉਪਰੋਕਤ ਸਾਰਣੀ ਵਿੱਚ ਸਾਰੇ ਅੰਕ ਦਿਨਾਂ ਨੂੰ ਦਰਸਾਉਂਦੇ ਹਨ। 3CCR 6772(b) ਤੋਂ ਇਸ ਸਾਰਣੀ ਨੂੰ ਸੰਪਾਦਿਤ ਕਰਕੇ ਉਨ੍ਹਾਂ ਸਰਗਰਮ ਤੱਤਾਂ ਨੂੰ ਹਟਾ ਦਿੱਤਾ ਗਿਆ ਹੈ ਜੋ ਹੁਣ ਕੈਲੀਫੋਰਨੀਆ ਵਿੱਚ ਵਰਤੋਂ ਲਈ ਰਜਿਸਟਰਡ ਨਹੀਂ ਹਨ।**

**ਕੈਲੀਫੋਰਨੀਆ ਕੋਡ ਔਫ਼ ਰੈਗੂਲੇਸ਼ਨ (3CCR) ਸੈਕਸ਼ਨ 6772(b) ਦੇ ਸਿਰਲੇਖ 3 ਦੇ ਅਨੁਸਾਰ:**

**(C)** 15 ਅਗਸਤ ਤੋਂ ਬਾਅਦ ਕੀਤੇ ਗਏ ਮੈਥੋਮਾਈਲ ਦੇ ਇਸਤੇਮਾਲਾਂ ਲਈ 21 ਦਿਨਾਂ ਦਾ ਪ੍ਰਤਿਬੰਧਿਤ ਦਾਖਲਾ ਅੰਤਰਾਲ ਹੈ। ਇਸ ਅੰਤਰਾਲ ਨੂੰ 10 ਦਿਨਾਂ ਬਾਅਦ ਖਤਮ ਕੀਤਾ ਜਾ ਸਕਦਾ ਹੈ ਜੇ 6774(c)(4) ਦੇ ਅਨੁਸਾਰ ਜਾਂਚ ਕੀਤੇ ਗਏ ਪੱਤਿਆਂ ਦੇ ਨਮੂਨਿਆਂ ਵਿੱਚ ਪੱਤਿਆਂ 'ਤੇ ਮੈਥੋਮਾਈਲ ਦਾ 0.1 ਮਾਈਕ੍ਰੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਜਾਂ ਇਸ ਤੋਂ ਘੱਟ ਹਟਾਈ ਜਾਣ ਯੋਗ ਰਹਿੰਦੇ-ਖੂੰਹਦ ਦਿਖਾਈ ਦਿੰਦੀ ਹੈ।

**(F)** ਪ੍ਰੋਪਾਰਗਾਈਟ ਨਾਲ ਇਲਾਜ ਕੀਤੇ ਗਏ ਸਟ੍ਰਾਬੇਰੀ ਅਤੇ ਖੇਤ ਵਿੱਚ ਉਗਾਏ ਗਏ ਗੁਲਾਬ ਲਈ ਪ੍ਰਤਿਬੰਧਿਤ ਦਾਖਲਾ ਅੰਤਰਾਲ 3 ਦਿਨ ਹੈ।

**(G)** ਪ੍ਰੋਪਾਰਗਾਈਟ ਨਾਲ ਇਲਾਜ ਕੀਤੇ ਕਪਾਹ ਦੇ ਖੇਤਾਂ ਲਈ ਪ੍ਰਤਿਬੰਧਿਤ ਦਾਖਲਾ ਅੰਤਰਾਲ ਸੱਤ ਦਿਨ ਹੈ। ਹਾਲਾਂਕਿ, ਪ੍ਰਤਿਬੰਧਿਤ ਦਾਖਲਾ ਅੰਤਰਾਲ ਦੇ ਅੰਤ ਤੋਂ ਲੈ ਕੇ ਵਾਢੀ ਦੀ ਸ਼ੁਰੂਆਤ ਤੱਕ, ਰੁਜ਼ਗਾਰਦਾਤਾ ਇਹ ਯਕੀਨੀ ਬਣਾਏਗਾ ਕਿ ਪ੍ਰੋਪਾਰਗਾਈਟ ਨਾਲ ਇਲਾਜ ਕੀਤੇ ਕਪਾਹ ਦੇ ਖੇਤਾਂ ਵਿੱਚ ਦਾਖਲ ਹੋਣ ਵਾਲੇ ਕਰਮਚਾਰੀ ਲੰਬੀਆਂ ਬਾਹਾਂ ਅਤੇ ਲੱਤਾਂ ਵਾਲੇ ਕੰਮ ਦੇ ਕੱਪੜੇ ਅਤੇ ਦਸਤਾਨੇ ਪਹਿਨਣ।

**(H)** ਗੰਧਕ ਲਈ ਇਹ ਪ੍ਰਤਿਬੰਧਿਤ ਦਾਖਲਾ ਅੰਤਰਾਲ ਇਨ੍ਹਾਂ ਕਾਉਂਟੀਆਂ ਵਿੱਚ 15 ਮਈ ਤੋਂ ਵਾਢੀ ਤੱਕ ਲਾਗੂ ਹੁੰਦਾ ਹੈ: ਫ੍ਰੈਸਨੋ, ਕਰਨ, ਕਿੰਗਜ਼, ਮਡੇਰਾ, ਮਰਸਡ, **San Joaquin**, ਸਟੈਨਿਸਲਾਸ ਅਤੇ ਟੁਲਾਰੇ; ਅਤੇ ਰਿਵਰਸਾਈਡ ਕਾਉਂਟੀ ਵਿੱਚ ਮਾਰਚ ਅਤੇ ਅਪ੍ਰੈਲ ਦੌਰਾਨ।

ਕਰਮਚਾਰੀਆਂ ਦੁਆਰਾ ਕੀਟਨਾਸ਼ਕਾਂ ਨੂੰ ਸੰਭਾਲਣ ਜਾਂ ਕੀਟਨਾਸ਼ਕਾਂ ਨਾਲ ਇਲਾਜ ਕੀਤੇ ਗਏ ਖੇਤਾਂ ਵਿੱਚ ਦਾਖਲ ਹੋਣ ਤੋਂ ਪਹਿਲਾਂ, ਉਤਪਾਦਕ ਜਾਂ ਰੁਜ਼ਗਾਰਦਾਤਾ ਨੂੰ ਕਰਮਚਾਰੀਆਂ ਨੂੰ ਕੀਟਨਾਸ਼ਕਾਂ ਦੇ ਖ਼ਤਰਿਆਂ ਅਤੇ ਇਨ੍ਹਾਂ ਸਮੱਗਰੀਆਂ ਦੇ ਆਲੇ-ਦੁਆਲੇ ਸੁਰੱਖਿਅਤ ਢੰਗ ਨਾਲ ਕੰਮ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਲਾਜ਼ਮੀ ਮੁਹੱਈਆ ਕਰਨੀ ਚਾਹੀਦੀ ਹੈ। ਖ਼ਤਰੇ ਦੇ ਸੰਚਾਰ ਦਾ ਵਰਣਨ ਕੀਟਨਾਸ਼ਕਾਂ ਨੂੰ ਸੰਭਾਲਣ ਵਾਲਿਆਂ ਲਈ ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ (PSIS) A-8 ਅਤੇ ਖੇਤ ਮਜ਼ਦੂਰਾਂ ਲਈ PSIS A-9 ਵਿੱਚ ਕੀਤਾ ਗਿਆ ਹੈ। ਇਹ PSIS ਪਰਚੇ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਵਿਖੇ ਉਪਲਬਧ ਹਨ ਜਾਂ ਔਨਲਾਈਨ http://www.cdpr.ca.gov 'ਤੇ ਉਪਲਬਧ ਹਨ।

## ਇਸਤੇਮਾਲਾਂ ਦਾ ਨੋਟਿਸ

ਕਿਸੇ ਵੀ ਕੀਟਨਾਸ਼ਕ ਦੀ ਵਰਤੋਂ ਤੋਂ ਪਹਿਲਾਂ ਸੂਚਨਾਵਾਂ ਜ਼ੁਬਾਨੀ ਜਾਂ ਲਿਖਤੀ ਰੂਪ ਵਿੱਚ ਇਸ ਤਰ੍ਹਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕੀ ਬਾਅਦ ਦੀਆਂ ਸਾਰੀਆਂ ਸੂਚਨਾਵਾਂ ਦੇਣ ਲਈ ਅਤੇ ਸੂਚਿਤ ਕੀਤੇ ਸਾਰੇ ਵਿਅਕਤੀਆਂ ਦੁਆਰਾ ਢੁਕਵੀਂ ਕਾਰਵਾਈ ਕਰਨ ਲਈ ਲੋੜੀਂਦਾ ਸਮਾਂ ਹੋਵੇ। ਕੀਟ ਨਿਯੰਤ੍ਰਣ ਕਰਨ ਵਾਲਾ ਹਰੇਕ ਵਿਅਕਤੀ ਇਹ ਪੱਕਾ ਕਰੇਗਾ ਕਿ ਇਲਾਜ ਕੀਤੇ ਜਾਣ ਵਾਲੇ ਖੇਤਰ ਦਾ ਸੰਚਾਲਨ ਕਰਨ ਵਾਲੇ ਉਤਪਾਦਕ ਨੂੰ ਨਿਯਤ ਇਸਤੇਮਾਲ ਦਾ ਨੋਟਿਸ ਮਿਲੇ। ਨੋਟਿਸ ਇਸ ਤਰੀਕੇ ਨਾਲ ਹੋਣਾ ਚਾਹੀਦਾ ਹੈ ਕਿ ਵਿਅਕਤੀ ਸਮਝ ਸਕੇ ਅਤੇ ਇਸ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

- ਨਿਯਤ ਇਸਤੇਮਾਲ ਦੀ ਮਿਤੀ(ਮਿਤੀਆਂ), ਸ਼ੁਰੂਆਤੀ ਸਮਾਂ(ਸਮੇਂ), ਅਤੇ ਅਨੁਮਾਨਤ ਸਮਾਪਤੀ ਸਮਾਂ(ਸਮੇਂ);
- ਇਲਾਜ ਕੀਤੇ ਜਾਣ ਵਾਲੇ ਖੇਤ ਦਾ ਟਿਕਾਣਾ ਅਤੇ ਵਰਣਨ:
- ਕੀਟਨਾਸ਼ਕ ਉਤਪਾਦ ਦਾ(ਦੇ) ਨਾਮ, U.S. EPA ਰਜਿਸਟ੍ਰੇਸ਼ਨ ਨੰਬਰ, ਅਤੇ ਕਿਰਿਆਸ਼ੀਲ ਸਮੱਗਰੀਆਂ;
- ਸਪ੍ਰੇਅ ਸਹਾਇਕ ਉਤਪਾਦ ਦਾ(ਦੇ) ਨਾਮ ਅਤੇ U.S. EPA ਰਜਿਸਟ੍ਰੇਸ਼ਨ ਨੰਬਰ, ਜੇ ਲਾਗੂ ਹੋਵੇ;
- ਲਾਗੂ ਪ੍ਰਤਿਬੰਧਿਤ ਦਾਖਲਾ ਅੰਤਰਾਲ (REI);
- ਜੇ ਕੀਟਨਾਸ਼ਕ ਉਤਪਾਦ ਲੇਬਲਿੰਗ ਲਈ ਇਲਾਜ ਕੀਤੇ ਖੇਤਾਂ ਵਿੱਚ ਪੋਸਟਰ ਲਗਾਉਣ, ਮੌਖਿਕ ਸੂਚਨਾ, ਜਾਂ ਦੋਵਾਂ ਦੀ ਲੋੜ ਹੈ; ਅਤੇ
- ਕੀਟਨਾਸ਼ਕ ਉਤਪਾਦ ਲੇਬਲਿੰਗ, ਪਰਮਿਟ ਦੀਆਂ ਸ਼ਰਤਾਂ ਵਿੱਚ ਛਪੀਆਂ, ਜਾਂ ਲਾਗੂ ਕਾਨੂੰਨਾਂ ਅਤੇ ਵਿਨਿਯਮਾਂ ਵਿੱਚ ਸ਼ਾਮਲ ਕੀਤੀਆਂ ਕੋਈ ਹੋਰ ਸਾਵਧਾਨੀਆਂ, ਇਸਤੇਮਾਲ ਦੇ ਦੌਰਾਨ ਜਾਂ ਬਾਅਦ ਵਿੱਚ ਕਰਮਚਾਰੀਆਂ ਜਾਂ ਹੋਰ ਵਿਅਕਤੀਆਂ ਦੀ ਸੁਰੱਖਿਆ ਨਾਲ ਸੰਬੰਧਿਤ ਹਨ।
- ਸੰਭਾਵੀ ਛੋਟਾਂ ਬਾਰੇ ਆਪਣੇ ਸਥਾਨਕ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਕਰੋ।

ਜੇ ਨਿਯਤ ਇਸਤੇਮਾਲ ਦੇ ਨੋਟਿਸ ਵਿੱਚ ਕੋਈ ਤਬਦੀਲੀ ਹੁੰਦੀ ਹੈ, ਤਾਂ ਕੀਟ ਨਿਯੰਤ੍ਰਣ ਕਰਨ ਵਾਲਾ ਹਰੇਕ ਵਿਅਕਤੀ ਇਹ ਯਕੀਨੀ ਬਣਾਏਗਾ ਕਿ ਇਲਾਜ ਕੀਤੇ ਜਾਣ ਵਾਲੇ ਖੇਤਰ ਦਾ ਸੰਚਾਲਨ ਕਰਨ ਵਾਲੇ ਉਤਪਾਦਕ ਨੂੰ ਇਸਤੇਮਾਲ ਤੋਂ ਪਹਿਲਾਂ ਇਸ ਬਦਲਾਅ ਦਾ ਨੋਟਿਸ ਮਿਲ ਜਾਵੇ।

ਕਰਮਚਾਰੀਆਂ, ਖੇਤ ਵਿੱਚ ਕੰਮ ਕਰਨ ਵਾਲਿਆਂ, ਅਤੇ ਖੇਤ ਵਿੱਚ ਕੰਮ ਕਰਨ ਵਾਲਿਆਂ ਦੇ ਰੁਜ਼ਗਾਰਦਾਤਾ ਨੂੰ ਵੀ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ ਜੇ ਉਹ ਉਤਪਾਦਕ ਦੀ ਜਾਇਦਾਦ 'ਤੇ ਕੰਮ ਕਰ ਰਹੇ ਹਨ, ਜਾਂ ਉਨ੍ਹਾਂ ਦਾ ਉਤਪਾਦਕ ਦੀ ਜਾਇਦਾਦ 'ਤੇ ਕੰਮ ਕਰਨਾ ਨਿਯਤ ਕੀਤਾ ਗਿਆ ਹੈ, ਅਤੇ ਅਜਿਹੇ ਕਿਸੇ ਵੀ ਵਿਅਕਤੀ ਨੂੰ ਵੀ ਜਿਸ ਬਾਰੇ ਉਤਪਾਦਕ ਨੂੰ ਪਹਿਲਾਂ ਤੋਂ ਪਤਾ ਹੈ ਕਿ ਉਸਦੀ ਇਸਤੇਮਾਲ ਦੀ ਮਿਤੀ ਨੂੰ ਜਾਂ REI ਦੇ ਪ੍ਰਭਾਵੀ ਹੋਣ 'ਤੇ ਇਲਾਜ ਕੀਤੇ ਜਾਣ ਵਾਲੇ ਲਈ ਖੇਤ ਵਿੱਚ ਦਾਖਲ ਹੋਣ ਦੀ ਸੰਭਾਵਨਾ ਹੈ। ਨੋਟਿਸ ਇਸ ਤਰੀਕੇ ਨਾਲ ਹੋਣਾ ਚਾਹੀਦਾ ਹੈ ਕਿ ਵਿਅਕਤੀ ਸਮਝ ਸਕੇ ਅਤੇ ਇਸ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

- ਨਿਯਤ ਇਸਤੇਮਾਲ ਦੀ ਮਿਤੀ; ਅਤੇ
- ਇਲਾਜ ਕੀਤੇ ਜਾਣ ਵਾਲੇ ਖੇਤ ਦਾ ਟਿਕਾਣਾ ਅਤੇ ਵਰਣਨ; ਅਤੇ
- ਉਤਪਾਦਕ ਦੁਆਰਾ ਅਧਿਕਾਰਤ ਕੀਤੇ ਜਾਣ ਤੱਕ ਇਲਾਜ ਕੀਤੇ ਜਾਣ ਵਾਲੇ ਖੇਤ ਅਤੇ ਇਸਦੇ ਇਸਤੇਮਾਲ ਅਲਹਿਦਗੀ ਖੇਤਰ ਵਿੱਚ ਦਾਖਲ ਨਾ ਹੋਣ ਦੀਆਂ ਹਦਾਇਤਾਂ।

ਇਸਤੇਮਾਲਾਂ ਦਾ ਨੋਟਿਸ ਗੈਰ-ਉਤਪਾਦਨ ਖੇਤੀਬਾੜੀ ਸਥਾਨਾਂ 'ਤੇ ਵੀ ਲਾਗੂ ਹੁੰਦਾ ਹੈ।

ਕੀਟਨਾਸ਼ਕ ਦਾ ਇਸਤੇਮਾਲ ਕਰਨ ਵਾਲਾ ਕੋਈ ਵੀ ਵਿਅਕਤੀ ਇਹ ਯਕੀਨੀ ਬਣਾਏਗਾ ਕਿ **ਜਾਇਦਾਦ ਦੇ ਸੰਚਾਲਕ ਨੂੰ** ਉਪਯੋਗ ਪੂਰਾ ਹੋਣ ਦੇ 24 ਘੰਟਿਆਂ ਦੇ ਅੰਦਰ ਨੋਟਿਸ ਮਿਲੇ।

**ਹੋਰ ਵਿਅਕਤੀਆਂ ਨੂੰ ਇਹ ਵੀ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ** ਜਿਸ ਬਾਰੇ ਜਾਇਦਾਦ ਦੇ ਸੰਚਾਲਕ ਨੂੰ ਪਹਿਲਾਂ ਤੋਂ ਜਾਣਕਾਰੀ ਹੈ ਕਿ ਉਸਦੇ REI ਦੌਰਾਨ ਖੇਤ ਵਿੱਚ ਦਾਖਲ ਹੋਣ ਦੀ ਸੰਭਾਵਨਾ ਹੈ।

## ਕੀਟਨਾਸ਼ਕ ਇਸਤੇਮਾਲ ਮੁਕੰਮਲ ਹੋਣ ਦਾ ਨੋਟਿਸ

ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਵਾਲਾ ਕੋਈ ਵੀ ਵਿਅਕਤੀ ਇਹ ਯਕੀਨੀ ਬਣਾਏਗਾ ਕਿ ਇਲਾਜ ਕੀਤੇ ਗਏ ਖੇਤਰ ਦਾ ਸੰਚਾਲਨ ਕਰਨ ਵਾਲੇ ਉਤਪਾਦਕ ਨੂੰ ਇਸਤੇਮਾਲ ਪੂਰਾ ਹੋਣ ਦੇ 24 ਘੰਟਿਆਂ ਦੇ ਅੰਦਰ ਨੋਟਿਸ ਮਿਲੇ। ਇੱਕ ਨੋਟਿਸ ਵਿੱਚ ਇਹ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ:

- ਇਸਤੇਮਾਲ ਸ਼ੁਰੂ ਕਰਨ ਅਤੇ ਸਮਾਪਤ ਹੋਣ ਦੀ(ਆਂ) ਮਿਤੀ(ਆਂ) ਅਤੇ ਸਮਾਂ(ਸਮੇਂ);
- ਸਾਈਟ ਪਛਾਣ ਨੰਬਰ, ਟਿਕਾਣਾ, ਅਤੇ ਇਲਾਜ ਕੀਤੇ ਏਕੜ;
- ਕੀਟਨਾਸ਼ਕ ਉਤਪਾਦ ਦਾ(ਦੇ) ਨਾਮ, U.S. EPA
- ਰਜਿਸਟ੍ਰੇਸ਼ਨ ਨੰਬਰ, ਅਤੇ ਸਰਗਰਮ ਸਮੱਗਰੀ(ਆਂ);
- ਸਪ੍ਰੇਅ ਸਹਾਇਕ ਉਤਪਾਦ ਦਾ(ਦੇ) ਨਾਮ ਅਤੇ U.S. EPA
- ਰਜਿਸਟ੍ਰੇਸ਼ਨ ਨੰਬਰ, ਜੇ ਲਾਗੂ ਹੋਵੇ; ਅਤੇ ਵਰਤੇ ਗਏ ਹਰੇਕ ਕੀਟਨਾਸ਼ਕ ਉਤਪਾਦ ਲਈ ਪ੍ਰਤਿਬੰਧਿਤ ਦਾਖਲਾ ਅੰਤਰਾਲ (REI ) ਅਤੇ ਵਾਢੀ ਤੋਂ ਪਹਿਲਾਂ ਦਾ ਅੰਤਰਾਲ।

ਉਤਪਾਦਕਾਂ ਨੂੰ ਸਾਈਟ ਨੂੰ ਪ੍ਰਾਪਤ ਹੋਏ ਹਰੇਕ ਨੋਟਿਸ ਦਾ ਰਿਕਾਰਡ ਰੱਖਣ ਦੀ ਲੋੜ ਹੁੰਦੀ ਹੈ। ਇਹ ਰਿਕਾਰਡ ਉਤਪਾਦਕ ਦੁਆਰਾ ਤਿਆਰ ਕੀਤਾ ਗਿਆ ਇੱਕ ਲਿਖਤੀ ਲੌਗ ਜਾਂ ਵਰਕ ਆਰਡਰਾਂ, ਕੀਟਨਾਸ਼ਕਾਂ ਦੀ ਵਰਤੋਂ ਦੀਆਂ ਰਿਪੋਰਟਾਂ, ਜਾਂ ਸਾਰੀਆਂ ਲੋੜੀਂਦੀ ਜਾਣਕਾਰੀ ਵਾਲੀਆਂ ਸਿਫ਼ਾਰਸ਼ਾਂ ਦੀਆਂ ਕਾਪੀਆਂ ਹੋ ਸਕਦਾ ਹੈ। ਇਨ੍ਹਾਂ ਰਿਕਾਰਡਾਂ ਵਿੱਚ ਇਸਤੇਮਾਲ ਸ਼ੁਰੂ ਹੋਣ ਅਤੇ ਖਤਮ ਹੋਣ ਦੀ ਮਿਤੀ(ਆਂ) ਅਤੇ ਸਮਾਂ(ਸਮੇਂ) ਸ਼ਾਮਲ ਹੋਣੇ ਚਾਹੀਦੇ ਹਨ। ਉਤਪਾਦਕ ਨੂੰ ਮੁਕੰਮਲ ਹੋਣ ਦਾ ਨੋਟਿਸ ਰਿਕਾਰਡ ਦੋ ਸਾਲਾਂ ਲਈ ਲਾਜ਼ਮੀ ਰੱਖਣਾ ਚਾਹੀਦਾ ਹੈ।

ਉਤਪਾਦਕ ਨੂੰ ਮੁਕੰਮਲ ਹੋਣ ਦਾ ਨੋਟਿਸ ਇਨ੍ਹਾਂ ਨੂੰ ਲਾਜ਼ਮੀ ਦੇਣਾ ਚਾਹੀਦਾ ਹੈ:

- ਸੰਭਾਲਣ ਵਾਲਾ ਅਤੇ ਖੇਤ ਵਿੱਚ ਕੰਮ ਕਰਨ ਵਾਲਾ ਕਰਮਚਾਰੀ;
- ਸੰਭਾਲਣ ਵਾਲੇ ਅਤੇ ਖੇਤ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਰੁਜ਼ਗਾਰਦਾਤਾ; ਅਤੇ
- ਹੋਰ ਵਿਅਕਤੀ ਜਿਨ੍ਹਾਂ ਬਾਰੇ ਉਸਨੂੰ ਪਹਿਲਾਂ ਤੋਂ ਜਾਣਕਾਰੀ ਹੈ ਕਿ ਉਨ੍ਹਾਂ ਦੀ REI ਦੌਰਾਨ ਇਸ ਖੇਤ ਵਿੱਚ ਦਾਖਲ ਹੋਣ ਦੀ ਸੰਭਾਵਨਾ ਹੈ।

ਉਤਪਾਦਕ ਨੂੰ ਹੇਠ ਲਿਖੀ ਜਾਣਕਾਰੀ ਲਾਜ਼ਮੀ ਮੁਹੱਈਆ ਕਰਨੀ ਚਾਹੀਦੀ ਹੈ:

- ਖੇਤ ਦਾ ਟਿਕਾਣਾ ਅਤੇ ਵਰਣਨ;
- ਉਹ ਸਮਾਂ ਜਿਸ ਦੌਰਾਨ ਦਾਖਲਾ ਪ੍ਰਤਿਬੰਧਿਤ ਹੈ; ਅਤੇ
- REI ਦੀ ਮਿਆਦ ਸਮਾਪਤ ਹੋਣ ਤੱਕ ਖੇਤ ਵਿੱਚ ਦਾਖਲ ਨਾ ਹੋਣ ਦੀਆਂ ਹਿਦਾਇਤਾਂ।

## ਇਸਤੇਮਾਲ-ਵਿਸ਼ੇਸ਼ ਜਾਣਕਾਰੀ ਪ੍ਰਦਰਸ਼ਿਤ ਕਰਨਾ

ਜਦੋਂ ਕਰਮਚਾਰੀ ਕੀਟਨਾਸ਼ਕਾਂ ਨੂੰ ਸੰਭਾਲਦੇ ਹਨ ਅਤੇ/ਜਾਂ ਖੇਤ ਵਿੱਚ ਕੰਮ ਕਰਨ ਵਾਲਿਆਂ ਨੂੰ ਇਲਾਜ ਕੀਤੇ ਖੇਤਾਂ ਵਿੱਚ ਕੰਮ ਕਰਨ ਲਈ ਰੱਖਿਆ ਜਾਂਦਾ ਹੈ, ਤਾਂ ਉਤਪਾਦਕ ਇੱਕ ਕੇਂਦਰੀ ਸਥਾਨ 'ਤੇ ਹੇਠ ਦਿੱਤੀ ਇਸਤੇਮਾਲ-ਵਿਸ਼ੇਸ਼ ਜਾਣਕਾਰੀ ਪ੍ਰਦਰਸ਼ਿਤ ਕਰਨਗੇ:

- ਇਲਾਜ ਕੀਤੀ ਗਈ ਫਸਲ ਜਾਂ ਜਗ੍ਹਾ ਅਤੇ ਇਲਾਜ ਕੀਤੇ ਗਏ ਖੇਤਰ ਦੀ ਪਛਾਣ;
- ਇਸਤੇਮਾਲ ਸ਼ੁਰੂ ਹੋਣ ਅਤੇ ਸਮਾਪਤ ਹੋਣ ਦੀ(ਆਂ) ਮਿਤੀ(ਆਂ) ਅਤੇ ਸਮਾਂ(ਸਮੇਂ);
- ਪ੍ਰਤਿਬੰਧਿਤ ਦਾਖਲਾ ਅੰਤਰਾਲ;
- ਇਸਤੇਮਾਲ ਕੀਤੇ ਗਏ ਕੀਟਨਾਸ਼ਕਾਂ ਲਈ ਸੁਰੱਖਿਆ ਡੇਟਾ ਸ਼ੀਟ ਦੀ ਕਾਪੀ;
- ਉਤਪਾਦ ਦਾ(ਦੇ) ਨਾਮ, ਕਿਰਿਆਸ਼ੀਲ ਸਮੱਗਰੀ(ਆਂ), ਅਤੇ U.S. EPA ਰਜਿਸਟ੍ਰੇਸ਼ਨ ਨੰਬਰ; ਅਤੇ
- ਸਪ੍ਰੇਅ ਸਹਾਇਕ ਉਤਪਾਦ ਦਾ(ਦੇ) ਨਾਮ ਅਤੇ U.S. EPA ਰਜਿਸਟ੍ਰੇਸ਼ਨ ਨੰਬਰ, ਜੇ ਲਾਗੂ ਹੋਵੇ।

ਜਾਣਕਾਰੀ ਪ੍ਰਦਰਸ਼ਿਤ ਕਰਨ ਦੇ ਤਰੀਕਿਆਂ ਦੀਆਂ ਉਦਾਹਰਨਾਂ ਵਿੱਚ ਖੇਤਾਂ ਦੇ ਨਕਸ਼ੇ ਵਾਲਾ ਇੱਕ ਬੁਲੇਟਿਨ ਬੋਰਡ ਅਤੇ ਢੁਕਵੇਂ ਖੇਤ ਲਈ ਇਸਤੇਮਾਲ ਦੀ ਜਾਣਕਾਰੀ ਦੇ ਸੰਕੇਤ ਸ਼ਾਮਲ ਹਨ। ਇੱਕ ਹੋਰ ਤਰੀਕਾ ਕੀਟਨਾਸ਼ਕ ਵਰਤੋਂ ਰਿਪੋਰਟਾਂ ਜਾਂ ਵਰਕ ਆਰਡਰਾਂ ਦੀ ਵਰਤੋਂ ਕਰਕੇ ਇਸ ਜਾਣਕਾਰੀ ਨੂੰ ਬਾਈਂਡਰ ਵਿੱਚ ਰੱਖਣਾ ਹੈ। ਦੋਵਾਂ ਵਿੱਚੋਂ ਕੋਈ ਵੀ ਤਰੀਕਾ ਸਵੀਕਾਰਯੋਗ ਹੈ ਜਦੋਂ ਤੱਕ ਕਰਮਚਾਰੀ ਜਾਣਦੇ ਹਨ ਕਿ ਜਾਣਕਾਰੀ ਕਿੱਥੇ ਰੱਖੀ ਗਈ ਹੈ ਅਤੇ ਬਿਨਾਂ ਪੁੱਛੇ ਇਸ ਤੱਕ ਪਹੁੰਚ ਕਰ ਸਕਦੇ ਹਨ।

ਇਹ ਜਾਣਕਾਰੀ ਉਤਪਾਦਕ ਨੂੰ ਇਸਤੇਮਾਲ ਦੇ ਮੁਕੰਮਲ ਦੇ ਪੂਰਾ ਹੋਣ ਦਾ ਨੋਟਿਸ ਮਿਲਣ 'ਤੇ ਅਤੇ ਕਿਸੇ ਵੀ ਖੇਤ ਵਿੱਚ ਕੰਮ ਕਰਨ ਵਾਲੇ ਨੂੰ ਇਲਾਜ ਕੀਤੇ ਖੇਤ ਵਿੱਚ ਦਾਖਲ ਹੋਣ ਦੀ ਆਗਿਆ ਦੇਣ ਤੋਂ ਪਹਿਲਾਂ ਲਾਜ਼ਮੀ ਪ੍ਰਦਰਸ਼ਿਤ ਕੀਤੀ ਜਾਣੀ ਚਾਹੀਦੀ ਹੈ। ਜਾਣਕਾਰੀ REI ਦੀ ਮਿਆਦ ਸਮਾਪਤ ਹੋਣ ਤੋਂ 30 ਦਿਨਾਂ ਬਾਅਦ ਤੱਕ ਪ੍ਰਦਰਸ਼ਿਤ ਰਹਿਣੀ ਚਾਹੀਦੀ ਹੈ। ਇਹ ਜਾਣਕਾਰੀ 2 ਸਾਲਾਂ ਲਈ ਲਾਜ਼ਮੀ ਰੱਖੀ ਜਾਣੀ ਚਾਹੀਦੀ ਹੈ।

ਉਤਪਾਦਕ ਕੰਮ ਕਰਨ ਵਾਲੀ ਥਾਂ 'ਤੇ ਜਾਂ ਕਿਸੇ ਕੇਂਦਰੀ ਸਥਾਨ 'ਤੇ ਜਿੱਥੇ ਖੇਤ ਵਿੱਚ ਕੰਮ ਕਰਨ ਵਾਲੇ ਇਕੱਠੇ ਹੁੰਦੇ ਹਨ, ਉਸ ਟਿਕਾਣੇ ਦਾ ਵਰਣਨ ਪ੍ਰਦਰਸ਼ਿਤ ਕਰੇਗਾ ਜਿੱਥੇ ਇਸਤੇਮਾਲ-ਵਿਸ਼ੇਸ਼ ਜਾਣਕਾਰੀ ਦਾ ਪ੍ਰਦਰਸ਼ਨ ਮਿਲ ਸਕਦਾ ਹੈ। ਟਿਕਾਣੇ ਦਾ ਵਰਣਨ ਇੰਨਾ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਖੇਤ ਵਿੱਚ ਕੰਮ ਕਰਨ ਵਾਲੇ ਇਸ ਨੂੰ ਲੱਭ ਸਕਣ ਅਤੇ ਇਸਤੇਮਾਲ-ਵਿਸ਼ੇਸ਼ ਪ੍ਰਦਰਸ਼ਨ ਤੱਕ ਪਹੁੰਚ ਕਰ ਸਕਣ। ਇਹ ਵਰਣਨ PSIS A-9 'ਤੇ ਜਾਂ ਇਸਦੇ ਨਾਲ ਨੱਥੀ ਦਸਤਾਵੇਜ਼ 'ਤੇ ਹੋ ਸਕਦਾ ਹੈ।

ਕੰਮ ਕਰਨ ਵਾਲੀ ਥਾਂ 'ਤੇ ਜਾਂ ਕਿਸੇ ਕੇਂਦਰੀ ਸਥਾਨ 'ਤੇ ਜਿੱਥੇ ਖੇਤ ਵਿੱਚ ਕੰਮ ਕਰਨ ਵਾਲੇ ਇਕੱਠੇ ਹੁੰਦੇ ਹਨ, ਉਸ **ਟਿਕਾਣੇ ਦਾ ਵਰਣਨ ਪ੍ਰਦਰਸ਼ਿਤ ਕਰੋ ਜਿੱਥੇ ਇਸਤੇਮਾਲ-ਵਿਸ਼ੇਸ਼ ਜਾਣਕਾਰੀ** ਦਾ ਪ੍ਰਦਰਸ਼ਨ ਮਿਲ ਸਕਦਾ ਹੈ।

## ਸੰਭਾਲਣ ਵਾਲਿਆਂ ਅਤੇ ਖੇਤ ਵਿੱਚ ਕੰਮ ਕਰਨ ਵਾਲਿਆਂ ਲਈ ਖ਼ਤਰੇ ਦਾ ਸੰਚਾਰ

### *ਕੀਟਨਾਸ਼ਕ ਸੰਭਾਲਣ ਵਾਲਿਆਂ ਲਈ*

1. ਕੰਮ ਕਰਨ ਵਾਲੀ ਥਾਂ 'ਤੇ ਕਿਸੇ ਕੇਂਦਰੀ ਸਥਾਨ 'ਤੇ ਪੂਰੇ ਕੀਤੇ PSIS A-8 ਪਰਚੇ ਦੀ ਇੱਕ ਕਾਪੀ ਪ੍ਰਦਰਸ਼ਿਤ ਕਰੋ। ਐਮਰਜੈਂਸੀ ਡਾਕਟਰੀ ਦੇਖਭਾਲ, ਕੀਟਨਾਸ਼ਕਾਂ ਦੀ ਵਰਤੋਂ ਅਤੇ ਰਿਕਾਰਡਾਂ ਵਾਲੇ ਭਾਗ ਭਰੋ।
2. ਕੰਮ ਕਰਨ ਵਾਲੀ ਥਾਂ 'ਤੇ ਇੱਕ ਕੇਂਦਰੀ ਸਥਾਨ 'ਤੇ ਕੀਟਨਾਸ਼ਕ ਸੰਭਾਲਣ ਵਾਲੇ ਕਰਮਚਾਰੀਆਂ ਲਈ ਉਨ੍ਹਾਂ ਦੀ ਸਮਝ ਵਿੱਚ ਆਉਣ ਵਾਲੀ ਭਾਸ਼ਾ ਵਿੱਚ ਹਰੇਕ PSIS ਪਰਚੇ ਵਾਲਾ ਇੱਕ ਪੈਕੇਟ ਰੱਖੋ।

- ਲੋੜ ਅਨੁਸਾਰ ਤੁਹਾਡੇ ਕੀਟਨਾਸ਼ਕਾਂ ਨੂੰ ਸੰਭਾਲਣ ਦੇ ਕੰਮ ਲਈ ਲਾਗੂ ਹੋਣ ਵਾਲੇ ਹੋਰ PSIS ਪਰਚੇ।
- ਕਰਮਚਾਰੀਆਂ ਦੁਆਰਾ ਸੰਭਾਲੇ ਜਾਂਦੇ ਕੀਟਨਾਸ਼ਕਾਂ ਲਈ ਕੀਟਨਾਸ਼ਕ ਵਰਤੋਂ ਦੇ ਰਿਕਾਰਡ। ਇਹ ਰਿਕਾਰਡ ਲਾਜ਼ਮੀ ਤੌਰ 'ਤੇ ਦੋ ਸਾਲਾਂ ਲਈ ਰੱਖੇ ਜਾਣੇ ਚਾਹੀਦੇ ਹਨ।
- ਕਰਮਚਾਰੀਆਂ ਦੁਆਰਾ ਸੰਭਾਲੇ ਜਾਂਦੇ ਕੀਟਨਾਸ਼ਕਾਂ ਲਈ ਸੁਰੱਖਿਆ ਡੇਟਾ ਸ਼ੀਟਾਂ (SDS)।

3. PSIS A-8 ਨੂੰ ਸਾਰੀਆਂ ਸਥਾਈ ਕੀਟਾਣੂ-ਮੁਕਤ ਕਰਨ ਵਾਲੀਆਂ ਸਹੂਲਤਾਂ ਅਤੇ 11 ਜਾਂ ਵੱਧ ਸੰਭਾਲਣ ਵਾਲਿਆਂ ਨੂੰ ਸੇਵਾ ਦੇਣ ਵਾਲੀਆਂ ਕਿਸੇ ਵੀ ਕੀਟਾਣੂ-ਮੁਕਤ ਕਰਨ ਵਾਲੀਆਂ ਸਹੂਲਤਾਂ 'ਤੇ ਵੀ ਲਗਾਇਆ ਜਾਣਾ ਚਾਹੀਦਾ ਹੈ।

4. ਐਮਰਜੈਂਸੀ ਡਾਕਟਰੀ ਦੇਖਭਾਲ ਮੁਹੱਈਆ ਕਰਨ ਵਾਲੀ ਸਹੂਲਤ ਦੇ ਨਾਮ, ਪਤੇ, ਜਾਂ ਟੈਲੀਫ਼ੋਨ ਨੰਬਰ ਨਾਲ ਸੰਬੰਧਿਤ PSIS A-8 ਵਿੱਚ ਕਿਸੇ ਵੀ ਤਬਦੀਲੀ ਨੂੰ ਤਬਦੀਲੀ ਦੇ 24 ਘੰਟਿਆਂ ਦੇ ਅੰਦਰ ਅੱਪਡੇਟ ਕੀਤਾ ਜਾਣਾ ਚਾਹੀਦਾ ਹੈ।

### *ਖੇਤ ਵਿੱਚ ਕੰਮ ਕਰਨ ਵਾਲਿਆਂ ਲਈ*

1. ਮੁਕੰਮਲ ਕੀਤੇ PSIS A-9 ਪਰਚੇ ਦੀ ਇੱਕ ਕਾਪੀ ਅਸਲ ਕੰਮ ਕਰਨ ਵਾਲੀ ਥਾਂ (ਖੇਤ) 'ਤੇ ਜਾਂ ਜੇ ਖੇਤ ਵਿੱਚ ਕੰਮ ਕਰਨ ਵਾਲੇ ਕੰਮ ਵਾਲੀ ਥਾਂ 'ਤੇ ਲਿਜਾਏ ਜਾਣ ਤੋਂ ਪਹਿਲਾਂ ਕਿਸੇ ਕੇਂਦਰੀ ਸਥਾਨ 'ਤੇ ਇਕੱਠੇ ਹੁੰਦੇ ਹਨ ਤਾਂ ਉਸ ਕੇਂਦਰੀ ਸਥਾਨ 'ਤੇ ਅਤੇ ਸਾਰੀਆਂ ਸਥਾਈ ਸਹੂਲਤਾਂ ਅਤੇ 11 ਜਾਂ ਵੱਧ ਖੇਤ ਵਿੱਚ ਕੰਮ ਕਰਨ ਵਾਲਿਆਂ ਨੂੰ ਸੇਵਾ ਦੇਣ ਵਾਲੀਆਂ ਕਿਸੇ ਵੀ ਕੀਟਾਣੂ-ਮੁਕਤ ਕਰਨ ਵਾਲੀਆਂ ਸਹੂਲਤਾਂ 'ਤੇ ਪ੍ਰਦਰਸ਼ਿਤ ਕਰੋ। PSIS A-9 'ਤੇ ਜਾਂ A-9 ਦੇ ਨਾਲ ਨੱਥੀ ਦਸਤਾਵੇਜ਼ ਵਜੋਂ ਵਰਣਨ ਕਰੋ ਕਿ ਇਸਤੇਮਾਲ-ਵਿਸ਼ੇਸ਼ ਜਾਣਕਾਰੀ ਦਾ ਪ੍ਰਦਰਸ਼ਨ ਕਿੱਥੇ ਸਥਿਤ ਹੈ। ਐਮਰਜੈਂਸੀ ਡਾਕਟਰੀ ਦੇਖਭਾਲ ਅਤੇ ਰਿਕਾਰਡ ਰੱਖਣ ਵਾਲੇ ਭਾਗ ਭਰੋ। ਆਪਣੇ ਫਾਰਮ ਲੇਬਰ ਠੇਕੇਦਾਰ (ਠੇਕੇਦਾਰਾਂ) ਨੂੰ ਆਪਣੇ ਕੇਂਦਰੀ ਰਿਕਾਰਡ ਰੱਖਣ ਵਾਲੇ ਸਥਾਨ ਦਾ ਪਤਾ ਅਤੇ ਵਰਣਨ ਦੇਣਾ ਨਾ ਭੁੱਲੋ ਤਾਂ ਜੋ ਉਹ ਆਪਣੇ ਕਰਮਚਾਰੀਆਂ ਲਈ ਇੱਕ ਪੂਰਾ ਕੀਤਾ PSIS A-9 ਪੋਸਟ ਕਰ ਸਕਣ ਜਿਸ ਦੌਰਾਨ ਉਹ ਤੁਹਾਡੇ ਖੇਤ(ਖੇਤਾਂ) ਵਿੱਚ ਕੰਮ ਕਰਦੇ ਹਨ।
2. ਆਪਣੇ ਖੁਦ ਦੇ ਖੇਤ ਵਿੱਚ ਕੰਮ ਕਰਨ ਵਾਲਿਆਂ ਜਾਂ ਫਾਰਮ ਲੇਬਰ ਠੇਕੇਦਾਰ ਦੇ ਖੇਤ ਵਿੱਚ ਕੰਮ ਕਰਨ ਵਾਲਿਆਂ ਲਈ ਆਪਣੇ ਪਛਾਣੇ ਗਏ ਕੇਂਦਰੀ ਰਿਕਾਰਡ ਰੱਖਣ ਵਾਲੇ ਸਥਾਨ 'ਤੇ ਹੇਠ ਦਿੱਤੀ ਵਾਧੂ ਜਾਣਕਾਰੀ ਰੱਖੋ:
   a. ਹਰੇਕ ਖੇਤ ਲਈ ਪਿਛਲੇ ਦੋ ਸਾਲਾਂ ਵਿੱਚ ਇਸਤੇਮਾਲ ਕੀਤੇ ਗਏ ਸਾਰੇ ਕੀਟਨਾਸ਼ਕਾਂ ਲਈ ਕੀਟਨਾਸ਼ਕ ਵਰਤੋਂ ਦੇ ਰਿਕਾਰਡ।
   b. ਕੀਟਨਾਸ਼ਕ ਵਰਤੋਂ ਰਿਕਾਰਡਾਂ ਵਿੱਚ ਸੂਚੀਬੱਧ ਹਰੇਕ ਕੀਟਨਾਸ਼ਕ ਲਈ SDS।
3. ਐਮਰਜੈਂਸੀ ਡਾਕਟਰੀ ਦੇਖਭਾਲ ਮੁਹੱਈਆ ਕਰਨ ਵਾਲੀ ਸਹੂਲਤ ਦੇ ਨਾਮ, ਪਤੇ, ਜਾਂ ਟੈਲੀਫ਼ੋਨ ਨੰਬਰ ਵਿੱਚ ਕਿਸੇ ਵੀ ਤਬਦੀਲੀ ਨੂੰ ਤਬਦੀਲੀ ਦੇ 24 ਘੰਟਿਆਂ ਦੇ ਅੰਦਰ PSIS A-9 'ਤੇ ਅੱਪਡੇਟ ਕੀਤਾ ਜਾਣਾ ਚਾਹੀਦਾ ਹੈ।

**ਹਰੇਕ PSIS ਪਰਚੇ ਵਾਲਾ ਇੱਕ ਪੈਕੇਟ, ਅੰਗਰੇਜ਼ੀ, ਸਪੈਨਿਸ਼, ਹਮੋਂਗ ਅਤੇ ਪੰਜਾਬੀ ਵਿੱਚ, ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਵਿੱਚ ਉਪਲਬਧ ਹੈ ਜਾਂ ਇਸਨੂੰ ਔਨਲਾਈਨ ਇਸ ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ:** http://www.cdpr.ca.gov

## ਲੋੜੀਂਦੇ ਰਿਕਾਰਡ

ਜ਼ਿਆਦਾਤਰ ਉਤਪਾਦਕ ਖ਼ਤਰੇ ਦੇ ਸੰਚਾਰ ਬਾਰੇ ਜਾਣਕਾਰੀ ਨੂੰ ਬਾਈਂਡਰ ਜਾਂ ਫ਼ਾਈਲ ਕੈਬਨਿਟ ਵਿੱਚ ਰੱਖਦੇ ਹਨ। ਜਾਣਕਾਰੀ ਨੂੰ ਦੁਕਾਨ ਜਾਂ ਬ੍ਰੇਕਰੂਮ ਵਿੱਚ ਰੱਖੋ - ਅਜਿਹੀ ਜਗ੍ਹਾ ਜਿੱਥੇ ਕਰਮਚਾਰੀ ਬਿਨਾਂ ਪੁੱਛੇ ਜਾਣਕਾਰੀ ਤੱਕ ਪਹੁੰਚ ਕਰ ਸਕਣ।

ਜਾਣਕਾਰੀ ਨੂੰ ਕਿੰਨੀ ਦੇਰ ਤੱਕ ਉਪਲਬਧ ਜਾਂ ਬਣਾ ਕੇ ਰੱਖਿਆ ਜਾਣਾ ਚਾਹੀਦਾ ਹੈ, ਇਹ ਇਸਤੇਮਾਲਾਂ ਦੇ ਨੋਟਿਸ, ਕੀਟਨਾਸ਼ਕ ਇਸਤੇਮਾਲ ਮੁਕੰਮਲ ਹੋਣ ਦੇ ਨੋਟਿਸ, ਇਸਤੇਮਾਲ ਵਿਸ਼ੇਸ਼ ਜਾਣਕਾਰੀ, ਅਤੇ ਖ਼ਤਰੇ ਦੇ ਸੰਚਾਰ ਲਈ ਵੱਖ-ਵੱਖ ਹੈ ਅਤੇ ਅਗਲੇ ਪੰਨੇ 'ਤੇ ਚਾਰਟ ਵਿੱਚ ਮਿਲ ਸਕਦਾ ਹੈ।

ਕੰਮ ਵਾਲੀ ਥਾਂ 'ਤੇ **ਕਿਸੇ ਕੇਂਦਰੀ ਸਥਾਨ 'ਤੇ ਸੰਭਾਲਣ ਵਾਲਿਆਂ ਲਈ ਪੂਰੇ ਕੀਤੇ ਗਏ PSIS A-8 ਪਰਚੇ ਅਤੇ ਖੇਤ ਵਿੱਚ ਕੰਮ ਕਰਨ ਵਾਲਿਆਂ ਲਈ A-9 ਪਰਚੇ ਦੀ ਇੱਕ ਕਾਪੀ ਪ੍ਰਦਰਸ਼ਿਤ ਕਰੋ।** ਐਮਰਜੈਂਸੀ ਡਾਕਟਰੀ ਦੇਖਭਾਲ, ਕੀਟਨਾਸ਼ਕਾਂ ਦੀ ਵਰਤੋਂ ਅਤੇ ਰਿਕਾਰਡਾਂ ਵਾਲੇ ਭਾਗ ਭਰੋ।

# ਇਨ੍ਹਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਕੈਲੀਫੋਰਨੀਆ ਵਿਨਿਯਮ: ਸੂਚਨਾ, ਕੀਟਨਾਸ਼ਕ ਦਾ ਇਸਤੇਮਾਲ ਮੁਕੰਮਲ ਹੋਣ ਦਾ ਨੋਟਿਸ, ਇਸਤੇਮਾਲ-ਵਿਸ਼ੇਸ਼ ਜਾਣਕਾਰੀ ਅਤੇ ਖ਼ਤਰੇ ਦਾ ਸੰਚਾਰ

## ਸੂਚਨਾ, ਕੀਟਨਾਸ਼ਕ ਦਾ ਇਸਤੇਮਾਲ ਮੁਕੰਮਲ ਹੋਣ ਦਾ ਨੋਟਿਸ, ਇਸਤੇਮਾਲ-ਵਿਸ਼ੇਸ਼ ਜਾਣਕਾਰੀ ਅਤੇ ਖ਼ਤਰੇ ਦਾ ਸੰਚਾਰ

| | ਇਸਤੇਮਾਲਾਂ ਸੰਬੰਧੀ ਨੋਟਿਸ<br>(3CCR 6618) | ਕੀਟਨਾਸ਼ਕ ਦੇ ਇਸਤੇਮਾਲ ਦੇ ਮੁਕੰਮਲ ਹੋਣ ਦਾ ਨੋਟਿਸ<br>(3 CCR 6619) | ਇਸਤੇਮਾਲ ਸੰਬੰਧੀ ਜਾਣਕਾਰੀ<br>(13 CCR 6723 ਕੀਟਨਾਸ਼ਕ ਦੀ ਸਾਜ-ਸੰਭਾਲ ਕਰਨ ਵਾਲੇ ਅਤੇ 6761 ਖੇਤ ਵਿੱਚ ਕੰਮ ਕਰਨ ਵਾਲੇ ਕਰਮੀ) | ਖ਼ਤਰੇ ਬਾਰੇ ਸੰਚਾਰ-ਵਿਵਸਥਾ।<br>(13 CCR 6723 ਕੀਟਨਾਸ਼ਕ ਦੀ ਸਾਜ-ਸੰਭਾਲ ਕਰਨ ਵਾਲੇ ਅਤੇ 6761 ਖੇਤ ਵਿੱਚ ਕੰਮ ਕਰਨ ਵਾਲੇ ਕਰਮੀ)<br>PSI S A-B: A-9 |
|---|---|---|---|---|
| *ਜਾਣਕਾਰੀ ਕਿਵੇਂ ਸੰਚਾਰਿਤ ਕੀਤੀ ਜਾਣੀ ਲਾਜ਼ਮੀ ਹੈ?* | ਜ਼ੁਬਾਨੀ ਅਤੇ ਲਿਖਤੀ | ਜ਼ੁਬਾਨੀ ਅਤੇ ਲਿਖਤੀ ਦੋਵੇਂ ਲੇਬਲ ਦੁਆਰਾ ਲੋੜੀਂਦੇ ਹਨ | ਲਿਖਤ ਤੌਰ ਤੇ | ਲਿਖਤ ਤੌਰ ਤੇ |
| *ਕੌਣ ਜ਼ਿੰਮੇਵਾਰ ਹੈ?* | ਪੈਸਟ ਕੰਟ੍ਰੋਲ ਕਰ ਰਿਹਾ ਵਿਅਕਤੀ | ਕੀਟਨਾਸ਼ਕ ਐਪਲੀਕੇਟਰ | ਸੰਚਾਲਕ ਜਾਂ ਜਾਇਦਾਦ ਦਾ ਮਾਲਕ | ਰੁਜ਼ਗਾਰਦਾਤਾ |
| *ਇਹ ਜਾਣਕਾਰੀ ਕਿਸਨੂੰ ਦਿੱਤੀ ਜਾਣੀ ਲਾਜ਼ਮੀ ਹੈ?* | ਜਾਇਦਾਦ ਦਾ ਸੰਚਾਲਕ, PCB ਜਾਂ ਲਾਇਸੰਸਸ਼ੁਦਾ FLC ਦੀ ਸਾਜ-ਸੰਭਾਲ ਕਰਨ ਵਾਲੇ/ਖੇਤ ਵਿੱਚ ਕੰਮ ਕਰਨ ਵਾਲੇ ਕਰਮੀ, ਛਿੜਕਾਵ ਕੀਤੇ ਹੋਏ ਖੇਤਰ ਵਿੱਚ ਦਾਖਲ ਹੋਣ ਵਾਲੇ ਹੋਰ ਵਿਅਕਤੀ | ਜਾਇਦਾਦ ਦੇ ਸੰਚਾਲਕ, ਸੰਚਾਲਕ ਦੇ ਖੇਤ ਵਿੱਚ ਕੰਮ ਕਰਨ ਵਾਲੇ ਕਰਮੀ ਅਤੇ ਕੀਟਨਾਸ਼ਕ ਦੀ ਸਾਜ-ਸੰਭਾਲ ਕਰਨ ਵਾਲੇ, ਖੇਤ ਵਿੱਚ ਕੰਮ ਕਰਨ ਵਾਲੇ ਕਰਮੀ ਅਤੇ ਉਨ੍ਹਾਂ ਦੇ ਰੁਜ਼ਗਾਰਦਾਤਾ: ਅਤੇ ਹੋਰ ਵਿਅਕਤੀ ਜਿਨ੍ਹਾਂ ਦੇ ਛਿੜਕਾਵ ਕੀਤੇ ਹੋਏ ਖੇਤਰ ਵਿੱਚ ਦਾਖਲ ਹੋਣ ਦੀ ਸੰਭਾਵਨਾ ਹੈ। | ਕੀਟਨਾਸ਼ਕਾਂ ਦੀ ਸਾਜ-ਸੰਭਾਲ ਕਰਨ ਵਾਲੇ ਅਤੇ ਖੇਤ ਵਿੱਚ ਕੰਮ ਕਰਨ ਵਾਲੇ ਕਰਮੀ | ਕੀਟਨਾਸ਼ਕਾਂ ਦੀ ਸਾਜ-ਸੰਭਾਲ ਕਰਨ ਵਾਲੇ ਅਤੇ ਖੇਤ ਵਿੱਚ ਕੰਮ ਕਰਨ ਵਾਲੇ ਕਰਮੀ |
| *ਜਾਣਕਾਰੀ ਕਦੋਂ ਦਿੱਤੀ ਜਾਣੀ ਲਾਜ਼ਮੀ ਹੈ?* | ਛਿੜਕਾਵ ਕਰਨ ਤੋਂ ਪਹਿਲਾਂ ਅਤੇ/ਜਾਂ ਕਰਮਚਾਰੀਆਂ ਦੇ ਛਿੜਕਾਵ ਕੀਤੇ ਗਏ ਖੇਤਰ ਵਿੱਚ ਦਾਖਲ ਹੋਣ ਤੋਂ ਪਹਿਲਾਂ | ਕੀਟਨਾਸ਼ਕ ਦੀ ਵਰਤੋਂ ਪੂਰੀ ਹੋਣ ਦੇ 24 ਘੰਟਿਆਂ ਦੇ ਅੰਦਰ-ਅੰਦਰ | ਜਦੋਂ ਜਾਇਦਾਦ ਦੇ ਸੰਚਾਲਕ ਨੂੰ ਇਹ ਸੂਚਨਾ ਪ੍ਰਾਪਤ ਹੁੰਦੀ ਹੈ ਕਿ ਕੀਟਨਾਸ਼ਕ ਦਾ ਛਿੜਕਾਵ ਪੂਰਾ ਹੋ ਗਿਆ ਹੈ | ਕਰਮਚਾਰੀਆਂ ਨੂੰ ਕੀਟਨਾਸ਼ਕਾਂ ਨੂੰ ਵਰਤਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ; ਜਦੋਂ ਕਰਮਚਾਰੀ ਛਿੜਕਾਵ ਕੀਤੇ ਗਏ ਖੇਤਾਂ ਵਿੱਚ ਕੰਮ ਕਰਦੇ ਹਨ |
| *ਕਿਹੜੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ?* | ~ਛਿੜਕਾਵ ਕਰਨ ਦੀ ਤਾਰੀਖ਼, ਸ਼ੁਰੂਆਤੀ ਸਮਾਂ, ਅਤੇ ਸਮਾਪਤ ਹੋਣ ਦਾ ਅਨੁਮਾਨਿਤ ਸਮਾਂ<br>~ਕੀਟਨਾਸ਼ਕਾਂ ਦੇ ਛਿੜਕਾਵ ਦੀ ਥਾਂ<br>~ਕੀਟਨਾਸ਼ਕ ਦੀ ਪਛਾਣ ਕਰਨ ਲਈ ਕੀਟਨਾਸ਼ਕ ਦੀ ਵਰਤੋਂ ਦੇ ਰਿਕਾਰਡ<br>~EPA ਰਜਿਸਟ੍ਰੇਸ਼ਨ ਨੰਬਰ, ਕੈਲੀਫੋਰਨੀਆ ਰਜਿਸਟ੍ਰੇਸ਼ਨ ਨੰਬਰ<br>~ਕਿਰਿਆਸ਼ੀਲ ਸਮੱਗਰੀ ~REI<br>~ਪੋਸਟਿੰਗ ਸੰਬੰਧੀ ਲੋੜਾਂ<br>~ਕਰਮਚਾਰੀਆਂ ਜਾਂ ਹੋਰ ਵਿਅਕਤੀਆਂ ਦੀ ਸੁਰੱਖਿਆ ਨਾਲ ਸੰਬੰਧਿਤ ਕੋਈ ਵੀ ਸਾਵਧਾਨੀਆਂ | ~ਛਿੜਕਾਵ ਕਰਨ ਦੀ ਤਾਰੀਖ਼, ਸ਼ੁਰੂਆਤੀ ਸਮਾਂ, ਅਤੇ ਸਮਾਪਤ ਹੋਣ ਦਾ ਅਨੁਮਾਨਿਤ ਸਮਾਂ<br>~ਕੀਟਨਾਸ਼ਕਾਂ ਦੇ ਛਿੜਕਾਵ ਦੀ ਥਾਂ<br>~ਉਤਪਾਦ ਦਾ ਨਾਮ, ਅਮਰੀਕੀ EPA ਰਜਿਸਟ੍ਰੇਸ਼ਨ ਨੰਬਰ, ਕੈਲੀਫੋਰਨੀਆ ਰਜਿਸਟ੍ਰੇਸ਼ਨ ਨੰਬਰ REI<br>~PHI (ਵਾਢੀ ਤੋਂ ਪਹਿਲਾਂ ਦਾ ਅੰਤਰਾਲ)<br>~PHI ਸਾਈਟ ਦੀ ਆਈਡੀ ਅਤੇ ਛਿੜਕਾਵ ਕੀਤੇ ਗਏ ਰਕਬੇ (ਏਕੜ) | ~ਛਿੜਕਾਵ ਕਰਨ ਦੀ ਤਾਰੀਖ਼, ਸ਼ੁਰੂਆਤੀ ਸਮਾਂ, ਅਤੇ ਸਮਾਪਤ ਹੋਣ ਦਾ ਅਨੁਮਾਨਿਤ ਸਮਾਂ<br>~ਫਸਲ ਜਾਂ ਛਿੜਕਾਵ ਕੀਤੀ ਗਈ ਜਗ੍ਹਾ ਅਤੇ ਛਿੜਕਾਵ ਕੀਤੇ ਗਏ ਖੇਤਰ ਦੀ ਪਛਾਣ<br>~EPA ਰਜਿਸਟ੍ਰੇਸ਼ਨ ਨੰਬਰ, ਕੈਲੀਫੋਰਨੀਆ ਰਜਿਸਟ੍ਰੇਸ਼ਨ ਨੰਬਰ<br>~ਛਿੜਕਾਵ ਕੀਤੇ ਗਏ ਕੀਟਨਾਸ਼ਕ ਦਾ SDS<br>~ਕਿਰਿਆਸ਼ੀਲ ਸਮੱਗਰੀ<br>~REI<br>~ਛਿੜਕਾਵ ਦੇ ਖਾਸ ਡਿਸਪਲੇ ਦੀ ਜਗ੍ਹਾ ਦਾ ਵੇਰਵਾ | ~ਸਾਜ-ਸੰਭਾਲ ਕਰਨ ਵਾਲਿਆਂ ਲਈ ਇੱਕ ਪੂਰਾ ਕੀਤਾ ਗਿਆ PSI S A-8<br>~ਕੀਟਨਾਸ਼ਕਾਂ ਦੀ ਵਰਤੋਂ ਦੇ ਰਿਕਾਰਡ। ਕਰਮਚਾਰੀ ਦੁਆਰਾ ਸੰਭਾਲੇ ਗਏ ਕੀਟਨਾਸ਼ਕਾਂ ਲਈ<br>~ਲਾਗੂ ਹੋਣ ਵਾਲੇ PSI S ਦੀਆਂ ਕਾਪੀਆਂ<br>~ਕਰਮਚਾਰੀ ਦੁਆਰਾ ਸਾਜ-ਸੰਭਾਲ ਕੀਤ ਜਾਣ ਵਾਲੇ ਕੀਟਨਾਸ਼ਕਾਂ ਲਈ SDS<br>~ਖੇਤ ਵਿੱਚ ਕੰਮ ਕਰਨ ਵਾਲੇ ਕਰਮੀਆਂ ਲਈ ਇੱਕ ਪੂਰਾ ਕੀਤਾ ਗਿਆ PSI S A-9 |
| *ਜਾਣਕਾਰੀ ਨੂੰ ਕਿੰਨੀ ਦੇਰ ਤੱਕ ਉਪਲਬਧ ਜਾਂ ਬਣਾਈ ਰੱਖਿਆ ਜਾਣਾ ਲਾਜ਼ਮੀ ਹੈ?* | ਸਾਰੀਆਂ ਅਗਲੀਆਂ ਸੂਚਨਾਵਾਂ ਦੇਣ ਲਈ ਬਥੇਰਾ ਸਮਾਂ | 2 ਸਾਲ | 2 ਸਾਲ | ਸਾਜ-ਸੰਭਾਲ ਕਰਨ ਵਾਲਿਆਂ ਲਈ: ਜਿੰਨਾ ਚਿਰ ਉਹ ਕੀਟਨਾਸ਼ਕਾਂ ਦੀ ਸਾਜ-ਸੰਭਾਲ ਕਰ ਰਹੇ ਹਨ ਖੇਤ ਵਿੱਚ ਕੰਮ ਕਰਨ ਵਾਲੇ ਕਰਮੀਆਂ ਲਈ: ਜਿੰਨਾ ਚਿਰ ਉਹ ਛਿੜਕਾਵ ਕੀਤੇ ਗਏ ਖੇਤਰ ਵਿੱਚ ਕੰਮ ਕਰ ਰਹੇ ਹਨ |
| *ਜਾਣਕਾਰੀ ਕਿੱਥੇ ਰੱਖੀ ਜਾਣੀ ਜ਼ਰੂਰੀ ਹੈ?* | ਜ਼ੁਬਾਨੀ ਜਾਂ ਲਿਖਤ ਵਿੱਚ ਦਿੱਤੀ ਜਾਣੀ ਜ਼ਰੂਰੀ ਹੈ, ਕੋਈ ਨਿਰਧਾਰਤ ਥਾਂ ਨਹੀਂ ਹੈ। | ਜ਼ੁਬਾਨੀ ਜਾਂ ਲਿਖਤ ਵਿੱਚ ਦਿੱਤੀ ਜਾਣੀ ਜ਼ਰੂਰੀ ਹੈ, ਕੋਈ ਨਿਰਧਾਰਤ ਥਾਂ ਨਹੀਂ ਹੈ। | ਕਿਸੇ ਮੁੱਖ ਸਥਾਨ 'ਤੇ (ਉਸ ਸਥਾਨ ਦਾ ਵੇਰਵਾ A-9 'ਤੇ ਦਿੱਤਾ ਜਾਣਾ ਜ਼ਰੂਰੀ ਹੈ ਜਾਂ A-9 ਨਾਲ ਜੁੜਿਆ ਹੋਣਾ ਜ਼ਰੂਰੀ ਹੈ) | ਕੀਟਨਾਸ਼ਕਾਂ ਦੀ ਸਾਜ-ਸੰਭਾਲ ਕਰਨ ਵਾਲੇ: 11 ਜਾਂ ਉਸ ਤੋਂ ਵੱਧ ਖੇਤ ਵਿੱਚ ਕੰਮ ਕਰਨ ਵਾਲੇ ਕਰਮੀਆਂ ਵਾਲੇ ਮੁੱਖ ਸਥਾਨ ਅਤੇ ਸਥਾਈ ਸਹੂਲਤਾਂ: ਕੰਮ ਕਰਨ ਵਾਲੀ ਥਾਂ ਜਾਂ ਕਿਸੇ ਮੁੱਖ ਸਥਾਨ 'ਤੇ ਜਿੱਥੇ ਉਹ ਕੰਮ ਦਾ ਦਿਨ ਸ਼ੁਰੂ ਕਰਦੇ ਹਨ, ਅਤੇ 11 ਤੋਂ ਵੱਧ ਕਰਮੀਆਂ ਵਾਲੀਆਂ ਸਥਾਈ ਸਹੂਲਤਾਂ |

## ਭੂਮੀਗਤ ਪਾਣੀ ਦੀ ਸੁਰੱਖਿਆ

ਭੂਮੀਗਤ ਪਾਣੀ ਪੀਣ ਵਾਲੇ ਪਾਣੀ ਅਤੇ ਸਿੰਚਾਈ ਦੇ ਪਾਣੀ ਦਾ ਇੱਕ ਕੀਮਤੀ ਸਰੋਤ ਹੈ। ਸੈਂਟ੍ਰਲ ਵੈਲੀ ਵਿੱਚ ਕੀਤੇ ਗਏ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਕੀਟਨਾਸ਼ਕ ਵੱਖ-ਵੱਖ ਰਸਤਿਆਂ ਰਾਹੀਂ ਭੂਮੀਗਤ ਪਾਣੀ ਤੱਕ ਪਹੁੰਚ ਸਕਦੇ ਹਨ, ਜਿਸ ਵਿੱਚ ਖੂਹ ਜਾਂ ਮਿੱਟੀ ਰਾਹੀਂ ਹੇਠਾਂ ਜਾਣ ਸ਼ਾਮਲ ਹੈ। 2004 ਵਿੱਚ, ਡਿਪਾਰਟਮੈਂਟ ਔਫ਼ ਪੈਸਟੀਸਾਇਡ ਰੈਗੂਲੇਸ਼ਨ ਨੇ ਵਿਆਪਕ ਭੂਮੀਗਤ ਪਾਣੀ ਸੁਰੱਖਿਆ ਵਿਨਿਯਮ ਅਪਣਾਏ। ਨਿਯਮ "ਭੂਮੀਗਤ ਪਾਣੀ ਸੁਰੱਖਿਆ ਖੇਤਰਾਂ" ਜਾਂ GWPAs ਵਿੱਚ ਕੀਟਨਾਸ਼ਕਾਂ ਨੂੰ ਭੂਮੀਗਤ ਪਾਣੀ ਤੱਕ ਪਹੁੰਚਣ ਤੋਂ ਰੋਕਣ ਲਈ ਕਾਰਵਾਈਆਂ ਤਜਵੀਜ਼ ਕਰਦੇ ਹਨ। ਇਹ ਇੱਕ ਭੂਗੋਲਿਕ ਤੌਰ 'ਤੇ ਪਰਿਭਾਸ਼ਿਤ ਖੇਤਰ ਹੈ ਜੋ ਸਮਾਏ ਜਾਣ ਜਾਂ ਵਹਿਣ ਦੁਆਰਾ ਕੀਟਨਾਸ਼ਕਾਂ ਦੇ ਦੂਸ਼ਣ ਲਈ ਸੰਵੇਦਨਸ਼ੀਲ ਹੈ। San Joaquin ਕਾਉਂਟੀ ਵਿੱਚ ਖੇਤਾਂ ਵਾਲੀ ਜ਼ਮੀਨ ਦਾ ਇੱਕ ਹਿੱਸਾ GWPA ਵਿੱਚ ਆਉਂਦਾ ਹੈ। ਆਮ ਤੌਰ 'ਤੇ, ਭੂਮੀਗਤ ਪਾਣੀ ਦੇ ਸੋਮਿਆਂ ਦੀ ਰੱਖਿਆ ਲਈ, ਹੇਠ ਦਿੱਤੀਆਂ ਸਾਵਧਾਨੀਆਂ ਵਰਤੋ:

- ਅਜਿਹੇ ਕੀਟਨਾਸ਼ਕ ਚੁਣੋ ਜਿਨ੍ਹਾਂ ਦੀ ਵਹਿਣ ਜਾਂ ਸਮਾਉਣ ਦੀ ਸਮਰੱਥਾ ਘੱਟ ਹੈ।
- ਸਭ ਤੋਂ ਘੱਟ ਪ੍ਰਭਾਵੀ ਦਰ ਦੀ ਵਰਤੋਂ ਕਰੋ।
- ਕੀਟਨਾਸ਼ਕਾਂ ਨੂੰ ਇਸਤੇਮਾਲ ਕੀਤੇ ਜਾਣ ਵਾਲੇ ਸਥਾਨ 'ਤੇ ਰੱਖੋ।
- ਸਪ੍ਰੇਅਰਾਂ ਨੂੰ ਖੂਹਾਂ ਜਾਂ ਸਮਾਉਣ ਦੀ ਸੰਭਾਵਨਾ ਵਾਲੇ ਖੇਤਰਾਂ ਤੋਂ ਘੱਟੋ-ਘੱਟ 100 ਫੁੱਟ ਦੂਰ ਲੋਡ ਕਰੋ ਜਾਂ ਸਾਫ਼ ਕਰੋ।
- ਮਿਲਾਉਣ ਵਾਲੀ ਥਾਂ 'ਤੇ ਖੂਹਾਂ ਵਿੱਚ ਵਾਪਸੀ ਪ੍ਰਵਾਹ ਨੂੰ ਰੋਕੋ: ਵਾਪਸੀ ਪ੍ਰਵਾਹ ਰੋਕਥਾਮ ਲਗਾਓ ਅਤੇ/ਜਾਂ ਪਾਣੀ ਦੇ ਨਿਕਾਸ ਬਿੰਦੂ ਅਤੇ ਸਪ੍ਰੇਅਰ ਟੈਂਕ ਦੇ ਵਿਚਕਾਰ ਹਵਾ ਦਾ ਪਾੜਾ ਰੱਖੋ।

ਜਦੋਂ ਵੀ ਕਿਸੇ ਅਜਿਹੇ ਕੀਟਨਾਸ਼ਕ ਨੂੰ GWPA ਵਿੱਚ ਵਰਤੋਂ ਲਈ ਪ੍ਰਸਤਾਵਿਤ ਕੀਤਾ ਜਾਂਦਾ ਹੈ ਜੋ ਸਾਬਤ ਹੋਇਆ ਹੈ ਕਿ ਭੂਮੀਗਤ ਪਾਣੀ ਨੂੰ ਦੂਸ਼ਿਤ ਕਰਦਾ ਹੈ, ਤਾਂ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਤੋਂ ਇੱਕ ਪ੍ਰਤਿਬੰਧਿਤ ਸਮੱਗਰੀ ਪਰਮਿਟ ਲਾਜ਼ਮੀ ਪ੍ਰਾਪਤ ਕਰਨਾ ਚਾਹੀਦਾ ਹੈ। ਜਿਨ੍ਹਾਂ ਕੀਟਨਾਸ਼ਕਾਂ ਦੀ ਵਰਤੋਂ ਲਈ ਪਰਮਿਟ ਦੀ ਲੋੜ ਹੁੰਦੀ ਹੈ, ਉਨ੍ਹਾਂ ਵਿੱਚ ਸ਼ਾਮਲ ਹਨ:

- ਐਟਰਾਜ਼ੀਨ (Atrazine)
- ਬੈਂਟਾਜ਼ੋਨ (Bentazon) [Basagran®]
- ਬ੍ਰੋਮਾਸਿਲ (Bromacil)
- ਡਿਊਰੋਨ (Diuron)
- ਨੋਰਫਲੂਰਾਜ਼ੋਨ (Norflurazon)
- ਪ੍ਰੋਮੇਟਨ (Prometon)
- ਸਿਮਾਜ਼ੀਨ (Simazine)
- ਧਿਆਨ ਦਿਓ ਕਿ ਉਨ੍ਹਾਂ ਪ੍ਰਮਾਣਿਤ ਇਸਤੇਮਾਲ ਕਰਨ ਵਾਲਿਆਂ ਲਈ ਕਿਸੇ ਪਰਮਿਟ ਦੀ ਲੋੜ ਨਹੀਂ ਹੈ ਜੋ GWPA ਤੋਂ **ਬਾਹਰ** ਸੂਚੀਬੱਧ ਕੀਟਨਾਸ਼ਕ ਦੀ ਵਰਤੋਂ ਕਰਦੇ ਹਨ।

ਉਪਰੋਕਤ ਕੀਟਨਾਸ਼ਕਾਂ ਨੂੰ ਰੀਚਾਰਜ ਬੇਸਿਨਾਂ, ਨਹਿਰਾਂ ਜਾਂ ਟੋਇਆਂ ਦੇ ਅੰਦਰ ਉਨ੍ਹਾਂ ਹਾਲਾਤ ਵਿੱਚ ਨਹੀਂ ਵਰਤਿਆ ਜਾ ਸਕਦਾ ਜੋ ਭੂਮੀਗਤ ਪਾਣੀ ਵੱਲ ਜਾਣ ਦੇ ਅਨੁਕੂਲ ਹੋਣ।

GWPA ਕੀਟਨਾਸ਼ਕ ਇਸਤੇਮਾਲ ਕਰਨ ਦੇ ਪਰਮਿਟਾਂ ਵਿੱਚ "ਵਰਤੋਂ ਦੀਆਂ ਲੋੜਾਂ" ਜਾਂ ਪ੍ਰਬੰਧਨ ਅਭਿਆਸ ਸ਼ਾਮਲ ਹਨ ਜੋ ਇਸ ਗੱਲ ਦੇ ਅਧਾਰ ਤੇ ਵੱਖ-ਵੱਖ ਹੁੰਦੇ ਹਨ ਕਿ ਕੀ ਖੇਤਰ ਸਮਾਉਣ ਜਾਂ ਵਹਿਣ ਦੇ ਪ੍ਰਤੀ ਅਸੁਰੱਖਿਅਤ ਹੈ। ਇਹ ਲੋੜਾਂ ਪਰਮਿਟ ਵਿੱਚ ਦੱਸੀਆਂ ਗਈਆਂ ਹਨ। ਜੇ ਸੂਚੀਬੱਧ ਅਭਿਆਸ ਕਿਸੇ ਖਾਸ ਸਾਈਟ ਲਈ ਵਿਹਾਰਕ ਨਹੀਂ ਹਨ, ਤਾਂ ਉਤਪਾਦਕ ਬੇਨਤੀ ਕਰ ਸਕਦਾ ਹੈ ਕਿ DPR ਹੋਰ, ਪ੍ਰਭਾਵਸ਼ਾਲੀ ਪ੍ਰਬੰਧਨ ਅਭਿਆਸਾਂ ਨੂੰ ਮਨਜ਼ੂਰੀ ਦੇਵੇ ਜੋ ਉਨ੍ਹਾਂ ਦੀਆਂ ਖੇਤੀ ਤਕਨੀਕਾਂ ਲਈ ਵਧੇਰੇ ਢੁਕਵੇਂ ਹੋ ਸਕਦੇ ਹਨ (ਉਨ੍ਹਾਂ ਅਭਿਆਸਾਂ ਨੂੰ ਅੰਤ ਵਿੱਚ ਲਾਜ਼ਮੀ ਅਪਣਾਇਆ ਜਾਣਾ ਚਾਹੀਦਾ ਹੈ)।

ਇਹ ਨਿਰਧਾਰਤ ਕਰਨ ਲਈ ਕਿ ਕੀ ਕੋਈ ਪਾਰਸਲ GWPA ਵਿੱਚ ਸ਼ਾਮਲ ਹੈ, www.cdpr.ca.gov 'ਤੇ ਜਾਓ ("Programs" ਫਿਰ "Monitoring" ਅਤੇ ਫਿਰ "Identifying and protecting ground water protection areas" 'ਤੇ ਕਲਿੱਕ ਕਰੋ)। ਕਾਉਂਟੀ ਐਗਰੀਕਲਚਰਲ ਕਮਿਸ਼ਨਰ ਤੋਂ ਵੀ ਪਤਾ ਕਰੋ।

ਭੂਮੀਗਤ ਪਾਣੀ ਪ੍ਰਤਿਬੰਧਿਤ ਸਮੱਗਰੀ ਦੀ ਵਰਤੋਂ ਕਰਨ ਤੋਂ ਪਹਿਲਾਂ, ਕਾਉਂਟੀ ਐਗਰੀਕਲਚਰਲ ਕਮਿਸ਼ਨਰ ਨਾਲ ਸੰਪਰਕ ਕਰੋ।

## ਵੈਲਹੈੱਡ ਦੀ ਸੁਰੱਖਿਆ

ਸਾਰੇ ਕੀਟਨਾਸ਼ਕਾਂ ਲਈ ਖੂਹ ਦੀ ਸੁਰੱਖਿਆ ਲਾਜ਼ਮੀ ਹੈ। ਕਿਸੇ ਖੂਹ ਦੇ 100 ਫੁੱਟ ਦੇ ਅੰਦਰ ਹੇਠ ਦਿੱਤੀਆਂ ਗਤੀਵਿਧੀਆਂ ਦੀ ਮਨਾਹੀ ਹੈ (ਘਰੇਲੂ, ਮਿਊਂਸਿਪਲ, ਖੇਤੀਬਾੜੀ, ਸੁੱਕ ਗਏ ਜਾਂ ਡ੍ਰੇਨੇਜ, ਨਿਗਰਾਨੀ ਅਧੀਨ ਜਾਂ ਛੱਡ ਦਿੱਤੇ ਗਏ ਖੂਹਾਂ ਸਮੇਤ):

1) ਕੀਟਨਾਸ਼ਕਾਂ ਨੂੰ ਮਿਲਾਉਣਾ, ਲੋਡ ਕਰਨਾ, ਅਤੇ ਸਟੋਰ ਕਰਨਾ;
2) ਸਪਰੇਅ ਉਪਕਰਨਾਂ ਜਾਂ ਕੀਟਨਾਸ਼ਕ ਦੇ ਡੱਬਿਆਂ ਨੂੰ ਧੋਣਾ;
3) ਸਪਰੇਅ ਉਪਕਰਨਾਂ ਦੀ ਸਾਂਭ-ਸੰਭਾਲ; ਅਤੇ
4) ਉਭਰਨ ਤੋਂ ਪਹਿਲਾਂ ਵਰਤੇ ਜਾਣ ਵਾਲੇ ਨਦੀਣ-ਨਾਸ਼ਕਾਂ ਦਾ ਇਸਤੇਮਾਲ।

100-ਫੁੱਟ ਦੀ ਲੋੜ ਤੋਂ ਛੋਟਾਂ ਦੀ ਇਜਾਜ਼ਤ ਹੈ ਜਦੋਂ:

1) ਖੂਹ ਇਸ ਤਰ੍ਹਾਂ ਸਥਿਤ ਹੈ ਕਿ ਸਿੰਚਾਈ ਜਾਂ ਮੀਂਹ ਦਾ ਪਾਣੀ ਖੂਹ ਦੇ ਮੂੰਹ ਵੱਲ ਨਾ ਜਾਵੇ ਅਤੇ ਖੂਹ ਦੇ ਕਿਸੇ ਵੀ ਹਿੱਸੇ (ਕੰਕਰੀਟ ਪੈਡ ਜਾਂ ਨੀਂਹ ਸਮੇਤ) ਦੇ ਆਲੇ-ਦੁਆਲੇ ਸੁੰਗੜੇ ਨਾ ਜਾਂ ਇਕੱਠਾ ਨਾ ਹੋਵੇ, ਜਾਂ ਖੂਹ ਦੇ ਮੂੰਹ ਇੱਕ ਕਿਨਾਰੇ ਦੁਆਰਾ ਸੁਰੱਖਿਅਤ ਕੀਤਾ ਗਿਆ ਹੈ।
2) ਕਿਨਾਰੇ ਅਤੇ ਖੂਹ ਦੇ ਵਿਚਕਾਰ ਉਭਰਨ ਤੋਂ ਪਹਿਲਾਂ ਵਰਤੇ ਜਾਣ ਵਾਲੇ ਨਦੀਣ-ਨਾਸ਼ਕਾਂ ਦੇ ਇਸਤੇਮਾਲਾਂ ਦੀ ਮਨਾਹੀ ਹੈ।

## ਸਤਹੀ ਪਾਣੀ ਦੀ ਸੁਰੱਖਿਆ

ਖੇਤਾਂ ਵਿੱਚੋਂ ਕੀਟਨਾਸ਼ਕਾਂ ਦੇ ਵਹਿਣ ਦੇ ਪ੍ਰਬੰਧਨ ਨੂੰ ਖੇਤ ਦੇ ਸਥਾਨ 'ਤੇ ਦੋ ਪੱਧਰਾਂ 'ਤੇ ਹੱਲ ਕੀਤਾ ਜਾ ਸਕਦਾ ਹੈ: ਕੀਟਨਾਸ਼ਕਾਂ ਦੀ ਚੋਣ ਅਤੇ ਇਸਤੇਮਾਲ ਰਾਹੀਂ ਸਰੋਤ ਨਿਯੰਤ੍ਰਣ ਅਤੇ ਖੇਤ ਦੇ ਸਥਾਨ ਦਾ ਪ੍ਰਬੰਧਨ।

## ਅਕਿਰਿਆਸ਼ੀਲ ਬਾਗ਼ ਛਿੜਕਾਵ ਵਿਨਿਯਮ

2006 ਵਿੱਚ, ਕੈਲੀਫੋਰਨੀਆ ਨੇ ਸਰਦੀਆਂ ਦੇ ਮਹੀਨਿਆਂ ਦੌਰਾਨ ਬਾਗ਼ਾਂ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਦੇ ਸਤ੍ਹਾ ਦੇ ਪਾਣੀ ਵਿੱਚ ਮਿਲਣ ਦੇ ਨਤੀਜੇ ਵਜੋਂ ਨਵੇਂ ਅਕਿਰਿਆਸ਼ੀਲ ਬਾਗ਼ ਛਿੜਕਾਵ ਵਿਨਿਯਮ ਅਪਣਾਏ। ਇਹ ਵਿਨਿਯਮ ਕੀਟਨਾਸ਼ਕਾਂ ਜਿਵੇਂ ਕਿ ਆਰਗਨੋਫਾਸਫੇਟ (ਉਦਾਹਰਨ: ਡਾਇਜ਼ੀਨੌਨ) ਅਤੇ ਪਾਈਰੇਥ੍ਰੋਇਡਜ਼ (ਉਦਾਹਰਨ: Asana, Ambush, Warrior) 'ਤੇ ਲਾਗੂ ਹੁੰਦੇ ਹਨ।

ਵਿਨਿਯਮਾਂ ਤੋਂ ਛੋਟ ਵਾਲੇ ਉਤਪਾਦਾਂ ਵਿੱਚ ਕੁਝ ਖਾਸ ਕੀਟਨਾਸ਼ਕ ਸ਼ਾਮਲ ਹਨ ਜੋ ਇਕੱਲੇ ਜਾਂ ਸੁਮੇਲ ਵਿੱਚ ਇਸਤੇਮਾਲ ਕੀਤੇ ਜਾਂਦੇ ਹਨ: ਅਕਿਰਿਆਸ਼ੀਲ ਤੇਲ ਜਾਂ ਬਾਇਓਕੰਟ੍ਰੋਲ ਏਜੰਟ ਜਿਵੇਂ ਕਿ Bt ਕੀਟਨਾਸ਼ਕ ਅਤੇ ਸਪਿਨੋਸੈਡ। ਇਸ ਤੋਂ ਇਲਾਵਾ, ਹਾਈਡ੍ਰੋਲੋਜੀਕਲ ਤੌਰ 'ਤੇ ਅਲੱਗ-ਥਲੱਗ ਖੇਤਰਾਂ ਵਿੱਚ ਸਥਿਤ ਬਾਗ਼ਾਂ ਨੂੰ ਛੋਟ ਹੈ ਜਿੱਥੇ ਖੇਤ ਦਾ ਕੋਈ ਵੀ ਵਹਾਅ ਸਿੰਚਾਈ ਜਾਂ ਡ੍ਰੇਨੇਜ ਖਾਈ, ਨਹਿਰ ਜਾਂ ਪਾਣੀ ਦੇ ਹੋਰ ਸਰੋਤ ਵਿੱਚ ਦਾਖਲ ਨਹੀਂ ਹੋ ਸਕਦਾ ਜਾਂ ਜੇ ਵਹਿਣ ਵਾਲਾ ਪਾਣੀ ਕਿਸੇ ਸੰਵੇਦਨਸ਼ੀਲ ਜਲ ਸਥਾਨ ਵਿੱਚ ਛੱਡਣ ਤੋਂ ਪਹਿਲਾਂ 72 ਘੰਟਿਆਂ ਲਈ ਰੋਕਿਆ ਜਾ ਸਕਦਾ ਹੈ।

ਇੱਕ ਅਕਿਰਿਆਸ਼ੀਲ ਛਿੜਕਾਵ ਵਿੱਚ ਕਿਸੇ ਨਿਯੰਤ੍ਰਿਤ ਕੀਟਨਾਸ਼ਕ ਦੀ ਵਰਤੋਂ ਕਰਨ ਲਈ ਲਾਜ਼ਮੀ ਹੈ ਕਿ, ਉਤਪਾਦਕ:

- ਲਾਇਸੰਸਸ਼ੁਦਾ ਕੀਟ ਨਿਯੰਤ੍ਰਣ ਸਲਾਹਕਾਰ (PCA) ਤੋਂ ਲਿਖਤੀ ਸਿਫ਼ਾਰਸ਼ ਪ੍ਰਾਪਤ ਕਰੇ;
- ਇਲਾਜ ਕੀਤੇ ਖੇਤਰ ਅਤੇ ਕਿਸੇ ਵੀ ਸੰਵੇਦਨਸ਼ੀਲ ਜਲ-ਸਥਾਨ ਦੇ ਵਿਚਕਾਰ 100-ਫੁੱਟ ਦਾ ਬਫਰ ਜ਼ੋਨ ਮੁਹੱਈਆ ਕਰੇ; ਅਤੇ
- ਉਸ ਵੇਲੇ ਇਸਤੇਮਾਲ ਕਰੋ ਜਦੋਂ ਹਵਾ ਦੀ ਗਤੀ 3 ਅਤੇ 10 ਮੀਲ ਪ੍ਰਤੀ ਘੰਟਾ ਦੇ ਵਿਚਕਾਰ ਹੋਵੇ।

### ਕੀਟਨਾਸ਼ਕਾਂ ਦੀ ਚੋਣ ਅਤੇ ਇਸਤੇਮਾਲ

- ਕੀਟ ਸਪੈਕਟ੍ਰਮ, ਆਬਾਦੀ ਅਤੇ ਨਿਯੰਤ੍ਰਣ ਦੀਆਂ ਲੋੜਾਂ ਨੂੰ ਨਿਰਧਾਰਤ ਕਰਨ ਲਈ ਖੇਤ ਦੀ ਜਾਂਚ-ਪੜਤਾਲ ਦੇ ਆਧਾਰ 'ਤੇ ਕੀਟਨਾਸ਼ਕਾਂ ਦੀ ਚੋਣ ਕਰੋ। ਜਦੋਂ ਛਿੜਕਾਵ ਦੀ ਲੋੜ ਹੋਵੇ, ਤਾਂ ਸਹੀ ਮਿਕਸਿੰਗ/ਲੋਡਿੰਗ ਅਤੇ ਹਵਾ ਨਾਲ ਵਹਾਅ 'ਤੇ ਨਿਯੰਤ੍ਰਣ ਵਰਗੇ ਚੰਗੇ ਇਸਤੇਮਾਲ ਅਭਿਆਸਾਂ ਦੀ ਪਾਲਣਾ ਕਰੋ।
- ਆਪਣੇ ਸਪ੍ਰੇਅਰਾਂ ਵਿੱਚ ਸਭ ਤੋਂ ਵਧੀਆ ਨੋਜ਼ਲ ਅਤੇ ਕੰਟ੍ਰੋਲ ਪ੍ਰਣਾਲੀਆਂ ਸੈੱਟ-ਅਪ ਕਰੋ ਅਤੇ ਪ੍ਰਤੀ ਏਕੜ ਕੁੱਲ ਇਸਤੇਮਾਲ ਕੀਤੇ ਜਾਣ ਵਾਲੇ ਕੀਟਨਾਸ਼ਕਾਂ ਨੂੰ ਘੱਟ ਤੋਂ ਘੱਟ ਕਰਨ ਲਈ ਸਪ੍ਰੇਅਰਾਂ ਨੂੰ ਨਿਯਮਿਤ ਤੌਰ 'ਤੇ ਕੈਲੀਬ੍ਰੇਟ ਕਰੋ।
- ਕਤਾਰਾਂ ਦੇ ਮੋੜਾਂ 'ਤੇ ਬਾਗ਼ ਦੇ ਸਪ੍ਰੇਅਰ ਬੰਦ ਕਰੋ ਅਤੇ ਜਦੋਂ ਹਵਾ ਨਾਲ ਲੱਗਦੀਆਂ ਸੜਕਾਂ ਵੱਲ ਜਾ ਰਹੀ ਹੋਵੇ ਤਾਂ ਬਹੁਤ ਸਾਵਧਾਨੀ ਵਰਤੋ। ਜਦੋਂ ਹਵਾ ਜਲ ਮਾਰਗਾਂ ਅਤੇ ਹੋਰ ਸੰਵੇਦਨਸ਼ੀਲ ਥਾਵਾਂ ਵੱਲ ਵੱਗ ਰਹੀ ਹੋਵੇ ਤਾਂ ਕਦੇ ਵੀ ਛਿੜਕਾਵ ਨਾ ਕਰੋ।
- ਜਦੋਂ ਕੋਈ ਬਾਗ਼ ਕਿਸੇ ਸੰਵੇਦਨਸ਼ੀਲ ਖੇਤਰ ਦੇ ਨੇੜੇ ਹੁੰਦਾ ਹੈ, ਤਾਂ ਕਤਾਰ 1 ਅਤੇ 2 'ਤੇ ਅੰਦਰ ਵੱਲ ਛਿੜਕਾਵ ਕਰਨ ਬਾਰੇ ਵਿਚਾਰ ਕਰੋ। ਸਿਰਫ਼ ਇੱਕ ਪਾਸੇ ਛਿੜਕਾਵ ਕਰਨ ਦੀ ਭਰਪਾਈ ਲਈ ਕਤਾਰ 1 ਅਤੇ 2 ਵਿੱਚ ਗਤੀ ਨੂੰ ਘਟਾਓ।

### ਖੇਤ ਸਾਈਟ ਦਾ ਪ੍ਰਬੰਧਨ

- ਹਰੇਕ ਖੇਤ ਸਾਈਟ ਦਾ ਮੁਲਾਂਕਣ ਕਰੋ ਅਤੇ ਤੂਫਾਨ ਦੀਆਂ ਘਟਨਾਵਾਂ ਵਿੱਚ ਸਤਹੀ ਪਾਣੀ ਦਾ ਵਹਾਅ ਪੈਦਾ ਕਰਨ ਦੀ ਹਰੇਕ ਸਾਈਟ ਦੀ ਪ੍ਰਵਿਰਤੀ ਦੇ ਆਧਾਰ 'ਤੇ ਬਿਹਤਰੀਨ ਪ੍ਰਬੰਧਨ ਅਭਿਆਸ (BMP) ਦਾ ਅਧਾਰ ਬਣਾਓ।
- ਛਿੜਕਾਵ ਕੀਤੇ ਜਾ ਰਹੇ ਖੇਤ, ਉਮੀਦ ਕੀਤੀਆਂ ਜਾਂਦੀਆਂ ਮੌਸਮੀ ਸਥਿਤੀਆਂ ਅਤੇ ਖੇਤ ਦੇ ਆਲੇ ਦੁਆਲੇ ਦੇ ਵਾਤਾਵਰਣ ਦੀ ਸਪਸ਼ਟ ਸਮਝ ਰੱਖੋ।
- ਤੂਫਾਨ ਦੇ ਪਾਣੀ ਜਾਂ ਸਿੰਚਾਈ ਪੂੰਛ ਦੇ ਪਾਣੀ (ਜਿਸ ਵਿੱਚ ਕੀਟਨਾਸ਼ਕ ਦੀ ਰਹਿੰਦ-ਖੂੰਹਦ ਹੋ ਸਕਦੀ ਹੈ) ਦੇ ਸਾਈਟ ਤੋਂ ਬਾਹਰੀ ਵਹਾਅ ਨੂੰ ਘੱਟ ਤੋਂ ਘੱਟ ਕਰਨ ਲਈ ਕਵਰ ਫਸਲਾਂ, ਬਨਸਪਤੀ ਫਿਲਟਰ ਪੱਟੀਆਂ, ਬਨਸਪਤੀ ਡ੍ਰੇਨੇਜ ਖੱਡਾਂ, ਜਾਂ ਹੋਰ ਅਭਿਆਸਾਂ ਦੀ ਵਰਤੋਂ ਕਰਨ 'ਤੇ ਵਿਚਾਰ ਕਰੋ।

### ਸਿੰਚਾਈ ਪ੍ਰਬੰਧਨ

- ਸਿੰਚਾਈ ਪ੍ਰਣਾਲੀ ਦੀ ਵੰਡ ਦੀ ਇਕਸਾਰਤਾ ਦਾ ਮੁਲਾਂਕਣ ਕਰੋ।
- ਘੱਟ ਮਾਤਰਾ ਵਾਲੇ ਐਮੀਟਰ (ਛਿੜਕਾਵ ਕਰਨ ਵਾਲੇ ਯੰਤਰ) ਜਾਂ ਮਾਈਕ੍ਰੋਸਪ੍ਰਿੰਕਰ (ਮਹੀਨ ਛਿੜਕਾਵ ਕਰਨ ਵਾਲੇ ਯੰਤਰ) ਦੀ ਵਰਤੋਂ ਕਰਕੇ ਸਿੰਚਾਈ ਕੁਸ਼ਲਤਾ ਵਧਾਓ ਜੋ ਲੋੜ ਤੋਂ ਜ਼ਿਆਦਾ ਇਸਤੇਮਾਲਾਂ ਰਾਹੀਂ ਪਾਣੀ ਦੇ ਨੁਕਸਾਨ ਨੂੰ ਘਟਾਉਂਦੇ ਹਨ।
- ਸਿੰਚਾਈ ਦੀ ਯੋਜਨਾ ਬਣਾਉਣ ਲਈ CIMS (ਕੈਲੀਫੋਰਨੀਆ ਇਰੀਗੇਸ਼ਨ ਮੈਨੇਜਮੈਂਟ ਇਨਫਾਰਮੇਸ਼ਨ ਸਿਸਟਮ, ਕੈਲੀਫੋਰਨੀਆ ਯੂਨੀਵਰਸਿਟੀ) ਵਰਗੀਆਂ ਸਿੰਚਾਈ ਪ੍ਰਬੰਧਨ ਪ੍ਰਣਾਲੀਆਂ ਦੀ ਵਰਤੋਂ ਕਰਕੇ ਫਸਲ ਦੀ ਪੈਦਾਵਾਰ ਅਤੇ ਪਾਣੀ ਦੀ ਸੰਭਾਲ ਨੂੰ ਵੱਧ ਤੋਂ ਵੱਧ ਕਰੋ।

## ਛਿੜਕਾਵ ਦੇ ਹਵਾ ਨਾਲ ਵਹਾਅ ਦਾ ਪ੍ਰਬੰਧਨ

ਛਿੜਕਾਵ ਦੇ ਹਵਾ ਨਾਲ ਵਹਾਅ ਕਾਰਨ ਕੀਟਨਾਸ਼ਕਾਂ ਦੇ ਸਾਈਟ ਤੋਂ ਬਾਹਰ ਵੱਲ ਵਹਾਅ ਨੂੰ ਚੰਗੇ ਪ੍ਰਬੰਧਨ ਅਭਿਆਸਾਂ ਦੀ ਵਰਤੋਂ ਦੁਆਰਾ ਘੱਟ ਜਾਂ ਖਤਮ ਕੀਤਾ ਜਾ ਸਕਦਾ ਹੈ।

### ਜ਼ਮੀਨੀ ਇਸਤੇਮਾਲ

(ਵਾਹਨ 'ਤੇ ਮਾਉਂਟ ਕੀਤਾ ਜਾਂ ਖਿੱਚਿਆ ਜਾਂਦਾ ਜ਼ਮੀਨੀ ਉਪਕਰਨ)

- ਸਿਰਫ਼ ਉਦੋਂ ਹੀ ਇਸਤੇਮਾਲ ਕਰੋ ਜਦੋਂ ਹਵਾ ਦੀ ਗਤੀ ਇਸਤੇਮਾਲ ਵਾਲੀ ਥਾਂ 'ਤੇ 10 ਮੀਲ ਪ੍ਰਤੀ ਘੰਟਾ ਜਾਂ ਘੱਟ ਹੋਵੇ, ਜਿਵੇਂ ਕਿ ਜ਼ਮੀਨ ਤੋਂ ਚਾਰ ਫੁੱਟ ਉੱਪਰ ਸਥਿਤ ਐਨੀਮੋਮੀਟਰ ਦੁਆਰਾ ਮਾਪਿਆ ਜਾਂਦਾ ਹੈ। ਇਹ ਲੋੜ ਗ੍ਰੀਨਹਾਊਸ ਜਾਂ ਅੰਦਰੂਨੀ ਇਸਤੇਮਾਲਾਂ 'ਤੇ ਲਾਗੂ ਨਹੀਂ ਹੁੰਦੀ। ਹਵਾ ਸੰਬੰਧੀ ਪਾਬੰਦੀਆਂ ਲਈ ਹਮੇਸ਼ਾ ਕੀਟਨਾਸ਼ਕ ਲੇਬਲ, ਵਿਨਿਯਮ, ਜਾਂ ਪਰਮਿਟ ਦੀ ਸ਼ਰਤ ਦੀ ਸਮੀਖਿਆ ਕਰੋ।
- ਟੀਚਾ ਸਾਈਟ ਵਿੱਚ ਦਾਖਲ ਹੋਣ ਤੋਂ ਬਾਅਦ ਡਿਸਚਾਰਜ ਸ਼ੁਰੂ ਕਰੋ; ਟੀਚਾ ਸਾਈਟ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਡਿਸਚਾਰਜ ਬੰਦ ਕਰੋ।
- ਛਿੜਕਾਵ ਕਰਦੇ ਸਮੇਂ ਕਦੇ ਵੀ ਕਤਾਰਾਂ 'ਤੇ ਮੋੜ ਨਾ ਲਵੋ।

ਇਹ ਯਕੀਨੀ ਬਣਾਓ ਕਿ ਇਸਤੇਮਾਲ ਕਰਨ ਵਾਲਾ ਹਰੇਕ ਇਸਤੇਮਾਲ ਵਾਲੀ ਸਾਈਟ ਦੇ ਅੰਦਰ ਅਤੇ ਆਲੇ ਦੁਆਲੇ ਦੇ ਸਾਰੇ ਸੰਭਾਵੀ ਸੰਵੇਦਨਸ਼ੀਲ ਖੇਤਰਾਂ ਅਤੇ ਸੰਭਾਵੀ ਖ਼ਤਰਿਆਂ ਨੂੰ ਸਮਝਦਾ ਹੈ।

**ਸਿਰਫ਼ ਉਦੋਂ ਹੀ ਇਸਤੇਮਾਲ ਕਰੋ ਜਦੋਂ ਹਵਾ ਦੀ ਗਤੀ ਇਸਤੇਮਾਲ ਵਾਲੀ ਥਾਂ 'ਤੇ 10 ਮੀਲ ਪ੍ਰਤੀ** ਘੰਟਾ ਜਾਂ ਘੱਟ ਹੋਵੇ, ਜਿਵੇਂ ਕਿ ਜ਼ਮੀਨ ਤੋਂ ਚਾਰ ਫੁੱਟ ਉੱਪਰ ਸਥਿਤ ਐਨੀਮੋਮੀਟਰ ਦੁਆਰਾ ਮਾਪਿਆ ਜਾਂਦਾ ਹੈ। ਇਹ ਲੋੜ ਗ੍ਰੀਨਹਾਊਸ ਜਾਂ ਅੰਦਰੂਨੀ ਇਸਤੇਮਾਲਾਂ 'ਤੇ ਲਾਗੂ ਨਹੀਂ ਹੁੰਦੀ।

### ਹਵਾਈ ਇਸਤੇਮਾਲ

- ਨੋਜ਼ਲ ਦੇ ਛੇਕਾਂ ਦਾ ਮੂੰਹ ਪਿੱਛੇ ਵੱਲ ਕਰੋ।
- ਸਕਾਰਾਤਮਕ ਸ਼ੱਟਆਫ ਸਿਸਟਮ ਦੁਆਰਾ ਹਰੇਕ ਨੋਜ਼ਲ ਤੋਂ ਤਰਲ ਦੇ ਪ੍ਰਵਾਹ ਨੂੰ ਨਿਯੰਤ੍ਰਿਤ ਕਰੋ।
- ਆਊਟਬੋਰਡ ਨੋਜ਼ਲ ਤੋਂ ਆਊਟਬੋਰਡ ਨੋਜ਼ਲ ਤੱਕ ਮਾਪੀ ਗਈ ਕਾਰਜਾਤਮਕ ਬੂਮ ਲੰਬਾਈ, ਕੁੱਲ ਵਿੰਗ ਸਪੈਨ ਜਾਂ ਰੋਟਰ ਲੰਬਾਈ ਦੇ 75% ਤੋਂ ਵੱਧ ਨਹੀਂ ਹੋਣੀ ਚਾਹੀਦੀ।
- ਛਿੜਕਾਵ ਬੂਮ 'ਤੇ ਵਰਤੀਆਂ ਜਾ ਰਹੀਆਂ ਨੋਜ਼ਲਾਂ ਲਈ ਨਿਰਮਾਤਾ ਦੁਆਰਾ ਸਿਫ਼ਾਰਸ਼ ਕੀਤੇ ਦਬਾਅ ਤੋਂ ਉੱਪਰ ਨਾ ਜਾਓ।
- ਸਿਰਫ਼ ਉਦੋਂ ਹੀ ਇਸਤੇਮਾਲ ਕਰੋ ਜਦੋਂ ਹਵਾ ਦੀ ਗਤੀ ਇਸਤੇਮਾਲ ਵਾਲੀ ਥਾਂ 'ਤੇ 3 ਤੋਂ 10 ਮੀਲ ਪ੍ਰਤੀ ਘੰਟਾ ਹੋਵੇ, ਜਿਵੇਂ ਕਿ ਜ਼ਮੀਨ ਤੋਂ ਚਾਰ ਫੁੱਟ ਉੱਪਰ ਸਥਿਤ ਐਨੀਮੋਮੀਟਰ ਦੁਆਰਾ ਮਾਪਿਆ ਜਾਂਦਾ ਹੈ।
- ਟੀਚਾ ਸਥਾਨ ਵਿੱਚ ਦਾਖਲ ਹੋਣ ਤੋਂ ਬਾਅਦ ਡਿਸਚਾਰਜ ਸ਼ੁਰੂ ਕਰੋ; ਡਿਸਚਾਰਜ ਦੀ ਉਚਾਈ ਫਸਲ ਜਾਂ ਟੀਚੇ ਤੋਂ 10 ਫੁੱਟ ਤੋਂ ਵੱਧ ਨਹੀਂ ਹੋਣੀ ਚਾਹੀਦੀ; ਜਦੋਂ ਵੀ ਜ਼ਰੂਰੀ ਹੋਵੇ ਤਾਂ ਉਪਕਰਨਾਂ ਨੂੰ ਰੁਕਾਵਟਾਂ ਤੋਂ ਉੱਪਰ ਚੁੱਕਣ ਲਈ ਡਿਸਚਾਰਜ ਬੰਦ ਕਰੋ; ਟੀਚਾ ਸਥਾਨ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਡਿਸਚਾਰਜ ਬੰਦ ਕਰੋ।

## ਗੰਧਕ ਦੇ ਹਵਾ ਨਾਲ ਵਹਾਅ ਦਾ ਪ੍ਰਬੰਧਨ

ਜਦੋਂ ਵੀ ਸੰਵੇਦਨਸ਼ੀਲ ਖੇਤਰਾਂ ਦੇ ਨੇੜੇ ਫਸਲਾਂ 'ਤੇ ਗੰਧਕ ਦਾ ਛਿੜਕਾਵ ਜਾਂ ਇਸਦੀ ਧੂੜ ਛਿੜਕੀ ਜਾਂਦੀ ਹੈ, ਤਾਂ ਉਪਕਰਨ ਚਲਾਉਣ ਵਾਲੇ ਨੂੰ ਸਾਈਟ ਤੋਂ ਬਾਹਰ ਜਾਣ ਦੀ ਸੰਭਾਵਨਾ ਬਾਰੇ ਪਤਾ ਹੋਣਾ ਚਾਹੀਦਾ ਹੈ। ਜਦੋਂ ਕਿ ਗੰਧਕ ਇੱਕ ਕੁਦਰਤੀ ਤੱਤ ਹੈ ਜੋ ਹਜ਼ਾਰਾਂ ਸਾਲਾਂ ਤੋਂ ਬਿਮਾਰੀਆਂ ਅਤੇ ਕੀੜਿਆਂ ਨੂੰ ਕੰਟ੍ਰੋਲ ਕਰਨ ਲਈ ਸੁਰੱਖਿਅਤ ਢੰਗ ਨਾਲ ਵਰਤਿਆ ਜਾਂਦਾ ਹੈ, ਗੰਧਕ ਦੇ ਸੰਪਰਕ ਵਿੱਚ ਆਉਣ ਨਾਲ ਅੱਖਾਂ ਵਿੱਚ ਜਲਣ, ਧੱਫੜ ਅਤੇ ਸਾਹ ਲੈਣ ਵਿੱਚ ਮੁਸ਼ਕਲ ਹੋ ਸਕਦੀ ਹੈ। ਗੰਧਕ ਦੇ ਆਮ ਲੋਕਾਂ ਨਾਲ ਸੰਪਰਕ ਨੂੰ ਰੋਕਣ ਲਈ, ਉਪਕਰਨ ਚਲਾਉਣ ਵਾਲਿਆਂ ਨੂੰ ਸੰਵੇਦਨਸ਼ੀਲ ਖੇਤਰਾਂ ਜਿਵੇਂ ਕਿ ਸਕੂਲ, ਬੱਸ ਸਟਾਪ, ਵਿਅਸਤ ਸੜਕਾਂ, ਰਿਹਾਇਸ਼ਾਂ ਜਾਂ ਕਿਸੇ ਵੀ ਅਜਿਹੇ ਖੇਤਰ ਦੇ ਨੇੜੇ ਕੰਮ ਕਰਦੇ ਸਮੇਂ ਵਾਧੂ ਸਾਵਧਾਨੀ ਵਰਤਣੀ ਚਾਹੀਦੀ ਹੈ ਜਿੱਥੇ ਇਹ ਲੋਕ ਮੌਜੂਦ ਹੋਣ ਜੋ ਇਸਤੇਮਾਲ ਵਿੱਚ ਸ਼ਾਮਲ ਨਹੀਂ ਹਨ। ਅੰਤ ਵਿੱਚ, ਉਪਕਰਨ ਚਲਾਉਣ ਵਾਲਾ ਗੰਧਕ ਦੇ ਹਵਾ ਨਾਲ ਵਹਾਅ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਹੁੰਦਾ ਹੈ।

### ਉਪਕਰਨ ਚਲਾਉਣ ਵਾਲਾ

- ਜੇ ਗੰਧਕ ਦਾ ਹਵਾ ਨਾਲ ਵਹਾਅ ਸੰਭਾਵੀ ਤੌਰ 'ਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਚਲਾ ਜਾਵੇਗਾ ਤਾਂ ਡਸਟਿੰਗ ਜਾਂ ਛਿੜਕਾਵ ਦੀਆਂ ਗਤੀਵਿਧੀਆਂ ਬੰਦ ਕਰੋ।
- ਗੰਧਕ ਡਸਟਰਾਂ ਦੇ ਨਾਲ, ਹਵਾ ਨਾਲ ਵਹਾਅ ਦੀ ਸੰਭਾਵਨਾ ਨੂੰ ਘੱਟ ਕਰਨ ਲਈ ਕਤਾਰ ਦੇ ਸਿਰਿਆਂ 'ਤੇ ਇੰਜਣ RPM ਹੌਲੀ ਕਰ ਦਿਓ।
- ਡਸਟਿੰਗ ਜਾਂ ਛਿੜਕਾਵ ਸਿਰਫ਼ ਉਦੋਂ ਹੀ ਸ਼ੁਰੂ ਕਰੋ ਜਦੋਂ ਇਸਤੇਮਾਲ ਕਰਨ ਵਾਲਾ ਪਹਿਲੇ ਪੌਦੇ, ਵੇਲ ਜਾਂ ਦਰਖ਼ਤ ਦੇ ਨਾਲ ਹੋਵੇ।
- ਸ਼ਹਿਰੀ ਖੇਤਰਾਂ, ਸੜਕਾਂ ਦੇ ਨੇੜੇ ਜਾਂ ਜਿੱਥੇ ਗਤੀਵਿਧੀਆਂ ਆਮ ਹੁੰਦੀਆਂ ਹਨ, ਜਦੋਂ ਵੀ ਸੰਭਵ ਹੋਵੇ, ਗੰਧਕ ਦਾ ਇਸਤੇਮਾਲ ਰਾਤ ਵੇਲੇ ਜਾਂ ਸ਼ਨੀਵਾਰ-ਐਤਵਾਰ ਨੂੰ ਕਰੋ।
- ਇਹ ਯਕੀਨੀ ਬਣਾਓ ਕਿ ਸੰਭਾਲਣ ਵਾਲਾ ਛਿੜਕਾਵ ਜਾਂ ਡਸਟਿੰਗ ਕੀਤੇ ਜਾ ਰਹੇ ਖੇਤ ਨੂੰ ਅਤੇ ਖੇਤ ਦੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਸਪੱਸ਼ਟ ਤੌਰ 'ਤੇ ਸਮਝਦਾ ਹੈ।

### ਇਸਤੇਮਾਲ ਦੀਆਂ ਸ਼ਰਤਾਂ

- ਜਦੋਂ ਹਵਾ ਦੀ ਗਤੀ 10 ਮੀਲ ਪ੍ਰਤੀ ਘੰਟਾ ਤੋਂ ਵੱਧ ਹੋਵੇ ਤਾਂ ਗੰਧਕ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ।
- ਇਸਤੇਮਾਲ ਕਰਨ ਵਾਲਿਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੁਝ ਖੇਤਰਾਂ ਵਿੱਚ, "ਪੂਰੀ ਤਰ੍ਹਾਂ ਸ਼ਾਂਤ" ਸਥਿਤੀਆਂ ਅਕਸਰ ਇਨਵਰਸ਼ਨ (ਉਲਟ ਵਹਾਅ) ਸਥਿਤੀ ਨਾਲ ਜੁੜੀਆਂ ਹੁੰਦੀਆਂ ਹਨ। ਘੱਟੋ-ਘੱਟ 3 ਮੀਲ ਪ੍ਰਤੀ ਘੰਟਾ ਦੀ ਹਵਾ ਦੀ ਗਤੀ ਹੋਣ 'ਤੇ ਗੰਧਕ ਇਸਤੇਮਾਲ ਕਰਨ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਹਵਾ ਦਾ ਉਲਟ ਵਹਾਅ ਨਾ ਹੋਵੇ।
- ਸੰਵੇਦਨਸ਼ੀਲ ਖੇਤਰਾਂ ਦੀ ਰੱਖਿਆ ਕਰਨ ਲਈ ਇੱਕ ਢੁਕਵਾਂ ਬਫਰ ਜ਼ੋਨ ਛੱਡੋ।
- ਬਦਲਦੇ ਮੌਸਮ ਦੇ ਹਾਲਾਤਾਂ 'ਤੇ ਨੇੜਿਓਂ ਨਜ਼ਰ ਰੱਖੋ।

## ਕੈਮੀਗੇਸ਼ਨ

ਕੈਮੀਗੇਸ਼ਨ, ਕੀਟਨਾਸ਼ਕਾਂ ਦੇ ਇਸਤੇਮਾਲ ਦਾ ਤਰੀਕਾ ਹੈ ਜਿੱਥੇ ਕੀਟਨਾਸ਼ਕਾਂ ਨੂੰ ਸਿੰਚਾਈ ਵਾਲੇ ਪਾਣੀ ਵਿੱਚ ਪਾਇਆ ਜਾਂਦਾ ਹੈ। ਇਸ ਵਿਧੀ ਦੀ ਵਰਤੋਂ ਕਰਕੇ ਇਸਤੇਮਾਲ ਕੀਤੇ ਗਏ ਕਿਸੇ ਵੀ ਕੀਟਨਾਸ਼ਕ ਦੇ ਉਤਪਾਦ ਲੇਬਲ 'ਤੇ ਕੈਮੀਗੇਸ਼ਨ ਨਿਰਦੇਸ਼ ਦਿੱਤੇ ਗਏ ਹੋਣੇ ਚਾਹੀਦੇ ਹਨ। ਇਸਤੇਮਾਲ ਕਰਦੇ ਸਮੇਂ, ਉਪਭੋਗਤਾ ਨੂੰ ਲੇਬਲ 'ਤੇ ਦੱਸੀਆਂ ਗਈਆਂ ਵਾਪਸੀ ਪ੍ਰਵਾਹ ਰੋਕਥਾਮ ਲੋੜਾਂ ਦੀ ਵੀ ਪਾਲਣਾ ਕਰਨੀ ਚਾਹੀਦੀ ਹੈ। ਕੈਮੀਗੇਸ਼ਨ ਬਾਰੇ ਹੋਰ ਜਾਣਕਾਰੀ ਲਈ, www.cdpr.ca.gov/docs/emon/grn-dwtr/chem.htm 'ਤੇ ਜਾਓ ਜਾਂ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਨਾਲ ਸੰਪਰਕ ਕਰੋ।

## ਮਧੂ-ਮੱਖੀ ਪਾਲਕ ਲਈ ਸੂਚਨਾ

ਹਰੇਕ ਵਿਅਕਤੀ ਜਿਸਦਾ ਕਿਸੇ ਵੀ ਕੀਟਨਾਸ਼ਕ (ਕੀਟ ਕੰਟ੍ਰੋਲ ਸਲਾਹਕਾਰਾਂ, ਕੀਟ ਕੰਟ੍ਰੋਲ ਕਾਰੋਬਾਰਾਂ ਅਤੇ ਉਤਪਾਦਕਾਂ ਸਮੇਤ) ਨੂੰ ਇਸਤੇਮਾਲ ਕਰਨ ਦਾ ਇਰਾਦਾ ਹੈ, ਜੋ ਕਿ ਅਜਿਹੀ ਜਗ੍ਹਾ 'ਤੇ ਮਧੂ-ਮੱਖੀਆਂ ਲਈ ਜ਼ਹਿਰੀਲਾ ਹੈ ਜਿੱਥੇ ਫੁੱਲਾਂ ਵਾਲੇ ਪੌਦੇ ਮੌਜੂਦ ਹਨ, ਨੂੰ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਜਾਂ ਔਨਲਾਈਨ ਸੂਚਨਾ ਸੇਵਾ, BeeWhere ਤੋਂ ਪੁੱਛਗਿੱਛ ਕਰਨ ਦੀ ਲੋੜ ਹੈ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇਸਤੇਮਾਲ ਵਾਲੀ ਸਾਈਟ ਤੋਂ ਇੱਕ ਮੀਲ ਦੇ ਅੰਦਰ ਮਧੂ-ਮੱਖੀ ਪਾਲਣ ਵਾਲੇ ਕਿਸੇ ਵੀ ਮਧੂ-ਮੱਖੀ ਪਾਲਕ ਨੇ ਨੋਟਿਸ ਦੀ ਬੇਨਤੀ ਕੀਤੀ ਹੈ। ਕੀਟ ਨਿਯੰਤ੍ਰਣ ਕਰਨ ਵਾਲਾ ਵਿਅਕਤੀ ਮਧੂ-ਮੱਖੀ ਪਾਲਕਾਂ ਨੂੰ ਘੱਟੋ-ਘੱਟ 48 ਘੰਟੇ ਪਹਿਲਾਂ ਸੂਚਿਤ ਕਰੇਗਾ ਅਤੇ ਹੇਠ ਦਿੱਤੀ ਜਾਣਕਾਰੀ ਸ਼ਾਮਲ ਕਰੇਗਾ:

- ਸਮਾਂ ਅਤੇ ਸਥਾਨ
- ਫਸਲ ਅਤੇ ਇਲਾਜ ਕੀਤਾ ਜਾਣ ਵਾਲਾ ਰਕਬਾ
- ਇਸਤੇਮਾਲ ਦਾ ਤਰੀਕਾ
- ਇਸਤੇਮਾਲ ਦੀ ਪਛਾਣ ਅਤੇ ਖੁਰਾਕ ਦਰ
- ਮਧੂ-ਮੱਖੀ ਪਾਲਕ ਕੀਟ ਨਿਯੰਤ੍ਰਣ ਕਰਨ ਵਾਲੇ ਵਿਅਕਤੀ ਨਾਲ ਕਿਵੇਂ ਸੰਪਰਕ ਕਰ ਸਕਦਾ ਹੈ

ਹੋਰ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ:
beewhere.calagpermits.org
(CalAgPermits ਵੈੱਬ ਯੂਜ਼ਰਨੇਮ ਅਤੇ ਪਾਸਵਰਡ ਨਾਲ ਲੌਗਇਨ ਕਰੋ)
ਜਾਂ ਦੇਖੋ:
beewherecalifornia.com

ਮਧੂ-ਮੱਖੀਆਂ ਲਈ ਜ਼ਹਿਰੀਲੇ ਕੀਟਨਾਸ਼ਕ ਉਹ ਹਨ ਜਿਨ੍ਹਾਂ ਵਿੱਚ ਕੀਟਨਾਸ਼ਕ ਦੇ ਲੇਬਲ 'ਤੇ **"toxic to bees" (ਮਧੂ-ਮੱਖੀਆਂ ਲਈ ਜ਼ਹਿਰੀਲਾ)** ਸ਼ਬਦ ਲਿਖੇ ਹੁੰਦੇ ਹਨ।

## ਸੰਕਟਗ੍ਰਸਤ ਪ੍ਰਜਾਤੀਆਂ ਦੀ ਰੱਖਿਆ

ਸੰਕਟਗ੍ਰਸਤ ਪ੍ਰਜਾਤੀਆਂ ਦੀ ਰੱਖਿਆ ਲਈ ਵਰਤੇ ਜਾਣ ਵਾਲੇ ਉਪਾਅ ਪੂਰੇ ਕੈਲੀਫੋਰਨੀਆ ਵਿੱਚ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਵੱਖ-ਵੱਖ ਹਨ ਅਤੇ ਇਹ ਡਿਪਾਰਟਮੈਂਟ ਔਫ਼ ਪੈਸਟੀਸਾਇਡ ਰੈਗੂਲੇਸ਼ਨ ਦੀ ਵੈੱਬਸਾਈਟ 'ਤੇ ਸੰਕਟਗ੍ਰਸਤ ਪ੍ਰਜਾਤੀਆਂ ਪ੍ਰੋਜੈਕਟ ਦੇ PRESCRI BE ਬੁਲੇਟਿਨ ਦੇ ਤਹਿਤ ਮਿਲ ਸਕਦੇ ਹਨ। PRESCRI BE ਔਨਲਾਈਨ ਡੇਟਾਬੇਸ ਐਪਲੀਕੇਸ਼ਨ ਨੂੰ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਵਾਲਿਆਂ ਦੀ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਨ ਲਈ ਬਣਾਇਆ ਗਿਆ ਸੀ ਕਿ ਕੀ ਇਸਤੇਮਾਲ ਵਾਲੀ ਸਾਈਟ ਦੇ ਨੇੜੇ ਕੋਈ ਸੰਕਟਗ੍ਰਸਤ ਪ੍ਰਜਾਤੀਆਂ ਹਨ ਅਤੇ ਕੀ ਇਸਤੇਮਾਲ ਕੀਤੇ ਜਾਣ ਵਾਲੇ ਕੀਟਨਾਸ਼ਕ 'ਤੇ ਪਾਬੰਦੀਆਂ ਹਨ।

PRESCRI BE ਤੱਕ ਪਹੁੰਚ ਕਰਨ ਲਈ ਇਸ ਵੈੱਬਸਾਈਟ 'ਤੇ ਜਾਓ:

www.cdpr .ca.gov/docs/endspec/pr esci nt .ht m

ਵੈੱਬਸਾਈਟ 'ਤੇ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੋ।

ਹੋਰ ਜਾਣਕਾਰੀ ਲਈ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਨੂੰ ਕਾਲ ਕਰੋ।

## ਤੀਹਰਾ ਹੰਘਾਲਣਾ ਅਤੇ ਨਿਪਟਾਰਾ

ਜਿਨ੍ਹਾਂ ਕੰਟੇਨਰਾਂ ਵਿੱਚ ਤਰਲ ਕੀਟਨਾਸ਼ਕ ਹੁੰਦੇ ਹਨ, ਉਨ੍ਹਾਂ ਨੂੰ ਅੰਤਮ ਵਰਤੋਂ ਦੇ ਸਮੇਂ ਧੋਇਆ ਜਾਣਾ ਚਾਹੀਦਾ ਹੈ ਤਾਂ ਜੋ ਧੋਣ ਵਾਲੇ ਘੋਲ ਨੂੰ ਇਲਾਜ ਕੀਤੇ ਜਾ ਰਹੇ ਖੇਤ ਵਿੱਚ ਇਸਤੇਮਾਲ ਕੀਤਾ ਜਾ ਸਕੇ।

ਖਾਲੀ ਹੋਣ 'ਤੇ, ਕੰਟੇਨਰ ਨੂੰ ਤਿੰਨ ਵਾਰ ਧਿਆਨ ਨਾਲ ਧੋਵੋ ਅਤੇ ਧੋਣ ਵਾਲੇ ਪਾਣੀ ਨੂੰ ਸਪ੍ਰੇਅਰ ਜਾਂ ਕੀਟਨਾਸ਼ਕ ਨੂੰ ਮਿਲਾਉਣ ਲਈ ਵਰਤੇ ਜਾਣ ਵਾਲੇ ਡੱਬੇ ਵਿੱਚ ਵਾਪਸ ਪਾ ਦਿਓ। ਲੇਬਲ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ, ਹੰਘਾਲਣ ਵਾਲੇ ਪਾਣੀ ਨੂੰ ਕੀਟਨਾਸ਼ਕ ਵਜੋਂ ਵਰਤੋ। ਢੱਕਣ ਨੂੰ ਸੁਰੱਖਿਅਤ ਢੰਗ ਨਾਲ ਵਾਪਸ ਲਗਾ ਦਿਓ।

ਧੋਣ ਤੋਂ ਬਾਅਦ, ਸਾਫ਼ ਅਤੇ ਸੁੱਕੇ ਕੰਟੇਨਰਾਂ ਨੂੰ ਪੈਸਟੀਸਾਈਡ ਕੰਟੇਨਰ ਡਿਸਪੋਜ਼ਲ ਸਰਟੀਫਿਕੇਟ ਨਾਲ San Joaquin ਕਾਉਂਟੀ ਦੁਆਰਾ ਸੰਚਾਲਿਤ ਲੈਂਡਫਿਲ ਵਿੱਚ ਲਿਜਾਇਆ ਜਾ ਸਕਦਾ ਹੈ। ਇਹ ਸਰਟੀਫਿਕੇਟ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਦੁਆਰਾ ਜਾਰੀ ਕੀਤੇ ਜਾਂਦੇ ਹਨ: ਆਪਣੇ ਕੰਟੇਨਰਾਂ ਦੇ ਨਿਰੀਖਣ ਦਾ ਪ੍ਰਬੰਧ ਕਰਨ ਲਈ ਕਾਲ ਕਰੋ (ਹੇਠਾਂ ਦੱਸੇ ਗਏ ਕੰਟੇਨਰ ਰੀਸਾਈਕਲਿੰਗ ਇਵੈਂਟ ਡੇਅ 'ਤੇ ਡਿਲੀਵਰ ਕੀਤੇ ਗਏ ਖਾਲੀ ਕੰਟੇਨਰ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦਫ਼ਤਰ ਤੋਂ ਉਪਲਬਧ ਫਾਰਮ ਦੀ ਵਰਤੋਂ ਕਰਕੇ ਉਤਪਾਦਕਾਂ ਦੁਆਰਾ ਸਵੈ-ਪ੍ਰਮਾਣਿਤ ਕੀਤੇ ਜਾਂਦੇ ਹਨ)।
ਸਹੀ ਢੰਗ ਨਾਲ ਖਾਲੀ ਕੀਤੇ ਕੀਟਨਾਸ਼ਕ ਬੈਗਾਂ ਦਾ ਨਿਪਟਾਰਾ ਦੋ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ:

- ਲੈਂਡਫਿਲ ਨਿਪਟਾਰਾ – ਬੈਗਾਂ ਦੇ ਵੱਡੇ ਭੰਡਾਰ ਨੂੰ San Joaquin ਕਾਉਂਟੀ ਦੁਆਰਾ ਸੰਚਾਲਿਤ ਲੈਂਡਫਿਲ ਵਿੱਚ ਲਿਜਾਇਆ ਜਾਣਾ ਚਾਹੀਦਾ ਹੈ।
- ਬੈਗਾਂ ਨੂੰ ਸਾੜਨਾ (ਹੇਠਾਂ ਦੇਖੋ)

## ਬੈਗਾਂ ਨੂੰ ਸਾੜਨਾ

ਕੀਟਨਾਸ਼ਕਾਂ ਦੇ ਬੈਗਾਂ ਨੂੰ ਵੈਲੀ ਏਅਰ ਡਿਸਟ੍ਰਿਕਟ (ਫੋਨ: 559-230-6000) ਦੁਆਰਾ ਜਾਰੀ ਕੀਤੇ ਗਏ ਬਰਨ ਪਰਮਿਟ ਦੇ ਨਾਲ ਵਰਤੋਂ ਵਾਲੀ ਥਾਂ* 'ਤੇ ਸਾੜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ, ਉਨ੍ਹਾਂ ਦੀ ਵੈੱਬਸਾਈਟ www.valleyair.org 'ਤੇ ਜਾਓ। ਇਹ ਪਰਮਿਟ ਉਤਪਾਦਕਾਂ ਨੂੰ ਵਰਤੋਂ ਦੇ ਇੱਕ ਦਿਨ ਦੌਰਾਨ ਇਕੱਠੇ ਹੋਏ ਬੈਗਾਂ ਨੂੰ ਸਾੜਨ ਦੀ ਆਗਿਆ ਦਿੰਦਾ ਹੈ; ਇਸ ਤਰ੍ਹਾਂ ਸਾੜਨ ਨੂੰ ਸਾੜਨ ਸੰਬੰਧੀ ਦਿਨ ਦੀਆਂ ਪਾਬੰਦੀਆਂ ਤੋਂ ਛੋਟ ਹੈ।

- ਕੀਟਨਾਸ਼ਕ ਬੈਗ ਨੂੰ ਅਜਿਹੇ ਖੇਤ ਵਿੱਚ ਸਾੜੋ ਜਿਸ ਨਾਲ ਉਨ੍ਹਾਂ ਥਾਵਾਂ 'ਤੇ ਧੂੰਏਂ ਦੀ ਮਾਤਰਾ ਘੱਟੋ-ਘੱਟ ਹੋਵੇਗੀ ਜਿੱਥੇ ਲੋਕ ਜਾਂ ਘਰੇਲੂ ਜਾਨਵਰ ਹੋ ਸਕਦੇ ਹਨ। ਕਿਸੇ ਥਾਂ ਦੀ ਚੋਣ ਕਰਨ ਲਈ, ਘਰਾਂ, ਪਾਰਕਾਂ, ਸਕੂਲਾਂ, ਕਾਰੋਬਾਰਾਂ ਦੀ ਦੂਰੀ; ਹਵਾ ਦੀ ਗਤੀ ਅਤੇ ਦਿਸ਼ਾ; ਹਵਾ ਦਾ ਉਲਟ ਵਹਾਅ; ਅਤੇ ਬੈਗਾਂ ਨੂੰ ਸਾੜਨ ਲਈ ਸਮੇਂ ਦੀ ਲੰਬਾਈ 'ਤੇ ਵਿਚਾਰ ਕਰੋ।
- ਸਾੜੇ ਜਾਣ ਵਾਲੇ ਬੈਗਾਂ ਦੇ ਢੇਰ ਉੱਤੇ ਪੱਥਰ, ਇੱਟ, ਜਾਂ ਅਜਿਹਾ ਹੀ ਗੈਰ-ਜਲਣਸ਼ੀਲ ਭਾਰ ਰੱਖੋ।
- ਸਭ ਤੋਂ ਹੇਠਲੇ ਬੈਗ ਨੂੰ ਅੱਗ ਲਗਾਓ।
- ਧੂੰਏਂ ਨੂੰ ਸਾਹ ਨਾਲ ਅੰਦਰ ਜਾਣ ਤੋਂ ਬਚਣ ਲਈ ਸਾੜਨ ਵਾਲੀ ਥਾਂ ਤੋਂ ਹਵਾ ਦੀ ਉਲਟ ਦਿਸ਼ਾ ਵਿੱਚ ਖੜ੍ਹੇ ਹੋਵੋ।
- ਜਦੋਂ ਤੱਕ ਅੱਗ ਪੂਰੀ ਨਹੀਂ ਹੋ ਜਾਂਦੀ ਅਤੇ ਅੱਗ ਬੁਝ ਨਹੀਂ ਜਾਂਦੀ, ਉਦੋਂ ਤੱਕ ਸਾਈਟ ਨੂੰ ਕੰਟ੍ਰੋਲ ਕਰੋ।

***ਵਪਾਰਕ ਇਸਤੇਮਾਲ ਕਰਨ ਵਾਲੇ ਉਤਪਾਦਕ ਦੇ ਸਾੜਨ ਦੇ ਪਰਮਿਟ (ਬਰਨ ਪਰਮਿਟ) ਦੇ ਤਹਿਤ, ਸਹੀ ਤਰ੍ਹਾਂ ਖਾਲੀ ਕੀਤੇ ਕੀਟਨਾਸ਼ਕ ਬੈਗਾਂ ਨੂੰ ਉਤਪਾਦਕ ਦੀ ਜਗ੍ਹਾ 'ਤੇ ਸਾੜ ਸਕਦੇ ਹਨ। ਕੀ ਕੋਈ ਕੀਟ ਕੰਟ੍ਰੋਲ ਆਪਰੇਟਰ ਕਿਸੇ ਉਤਪਾਦਕ ਦੀ ਜਗ੍ਹਾ 'ਤੇ ਸਾੜ ਸਕਦਾ ਹੈ, ਇਸ ਬਾਰੇ ਸਵਾਲ ਸਥਾਨਕ ਹਵਾ ਪ੍ਰਦੂਸ਼ਣ ਕੰਟ੍ਰੋਲ ਡਿਸਟ੍ਰਿਕਟ ਨੂੰ ਭੇਜੇ ਜਾਣੇ ਚਾਹੀਦੇ ਹਨ।***

## ਸੁਰੱਖਿਅਤ ਨਿਪਟਾਰਾ

- ਥੋੜ੍ਹੀ ਜਿਹੀ ਮਾਤਰਾ ਵਿੱਚ ਵਾਧੂ ਕੀਟਨਾਸ਼ਕ ਨੂੰ ਨਸ਼ਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਸਨੂੰ ਵਰਤਣਾ ਹੈ। ਉਤਪਾਦ ਲੇਬਲ 'ਤੇ ਦਿੱਤੇ ਨਿਰਦੇਸ਼ਾਂ ਅਨੁਸਾਰ ਇਸਤੇਮਾਲ ਕਰੋ।
- ਖਾਲੀ ਕੀਟਨਾਸ਼ਕ ਕੰਟੇਨਰ ਉਸਦੇ ਅੰਦਰ ਬਚੀ ਰਹਿੰਦ-ਖੂੰਹਦ ਦੇ ਕਾਰਨ ਭਰੇ ਹੋਏ ਕੰਟੇਨਰ ਜਿੰਨਾ ਹੀ ਖ਼ਤਰਨਾਕ ਹੋ ਸਕਦਾ ਹੈ। ਅਜਿਹੇ ਕੰਟੇਨਰਾਂ ਨੂੰ ਕਦੇ ਵੀ ਦੁਬਾਰਾ ਨਾ ਵਰਤੋ।
- ਅਣਚਾਹੇ ਕੀਟਨਾਸ਼ਕਾਂ ਤੋਂ ਛੁਟਕਾਰਾ ਪਾਉਣ ਦੇ ਤਰੀਕੇ ਬਾਰੇ ਜਾਣਨ ਲਈ ਆਪਣੇ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਨੂੰ ਕਾਲ ਕਰੋ।
- ਕਦੇ ਵੀ ਬਚੇ ਹੋਏ ਕੀਟਨਾਸ਼ਕ ਉਤਪਾਦ ਨੂੰ ਸਿੰਕ, ਟਾਇਲਟ, ਸੀਵਰ ਜਾਂ ਗਲੀ ਦੇ ਨਾਲੇ ਵਿੱਚ ਜਾਂ ਜ਼ਮੀਨ 'ਤੇ ਨਾ ਡੋਲ੍ਹੋ। ਕੀਟਨਾਸ਼ਕ ਗੰਦੇ ਪਾਣੀ ਦੀਆਂ ਇਲਾਜ ਪ੍ਰਣਾਲੀਆਂ ਦੇ ਕੰਮਕਾਜ ਵਿੱਚ ਵਿਘਨ ਪਾ ਸਕਦੇ ਹਨ ਜਾਂ ਜਲ ਮਾਰਗਾਂ ਨੂੰ ਪ੍ਰਦੂਸ਼ਿਤ ਕਰ ਸਕਦੇ ਹਨ। ਬਹੁਤ ਸਾਰੇ ਮਿਊਂਸਿਪਲ ਸਿਸਟਮ ਸਾਰੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨੂੰ ਹਟਾਉਣ ਦੇ ਸਮਰੱਥ ਨਹੀਂ ਹਨ। ਜੇ ਕੀਟਨਾਸ਼ਕ ਜਲ ਮਾਰਗਾਂ ਤੱਕ ਪਹੁੰਚ ਜਾਂਦੇ ਹਨ, ਤਾਂ ਉਹ ਮੱਛੀਆਂ, ਪੌਦਿਆਂ ਅਤੇ ਹੋਰ ਜੀਵਤ ਜੀਵਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।
- ਅਣਵਰਤੇ ਕੀਟਨਾਸ਼ਕਾਂ ਨੂੰ ਕੂੜੇ ਵਿੱਚ ਨਾ ਸੁੱਟੋ।

## ਕੀਟਨਾਸ਼ਕ ਕੰਟੇਨਰ ਰੀਸਾਈਕਲਿੰਗ ਪ੍ਰੋਗਰਾਮ

ਖੇਤੀਬਾੜੀ ਕੀਟਨਾਸ਼ਕ ਕੰਟੇਨਰ ਰੀਸਾਈਕਲਿੰਗ ਪ੍ਰੋਗਰਾਮ ਖਾਲੀ ਪਲਾਸਟਿਕ ਅਤੇ ਧਾਤ ਦੇ ਕੀਟਨਾਸ਼ਕ ਕੰਟੇਨਰਾਂ ਦੇ ਨਿਪਟਾਰੇ ਦਾ ਇੱਕ ਵਿਕਲਪਿਕ ਤਰੀਕਾ ਹੈ ਜਿਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਨਵੇਂ ਉਤਪਾਦਾਂ ਵਿੱਚ ਰੀਸਾਈਕਲ ਕੀਤਾ ਜਾਂਦਾ ਹੈ। ਕੀਟਨਾਸ਼ਕ ਕੰਟੇਨਰਾਂ ਨੂੰ San Joaquin ਕਾਉਂਟੀ ਦੇ ਨਿਪਟਾਰੇ ਵਾਲੀਆਂ ਥਾਵਾਂ 'ਤੇ ਇਕੱਠਾ ਕੀਤਾ ਜਾਂਦਾ ਹੈ, ਇੱਕ ਠੇਕੇਦਾਰ ਦੁਆਰਾ ਇਸਦੇ ਛੋਟੇ-ਛੋਟੇ ਟੁਕੜੇ ਕੀਤੇ ਜਾਂਦੇ ਹਨ, ਅਤੇ ਗੈਰ-ਭੋਜਨ ਕਿਸਮ ਦੇ ਪਲਾਸਟਿਕ ਉਤਪਾਦਾਂ (ਜਿਵੇਂ ਕਿ ਟ੍ਰੈਫ਼ਿਕ ਚਿੰਨ੍ਹ, ਪਲਾਸਟਿਕ ਦੀ ਲੱਕੜ) ਵਿੱਚ ਰੀਸਾਈਕਲ ਕੀਤਾ ਜਾਂਦਾ ਹੈ। ਧਾਤ ਦੇ ਕੰਟੇਨਰਾਂ ਨੂੰ ਕੁਚਲਿਆ ਜਾਂਦਾ ਹੈ ਅਤੇ ਇੱਕ ਧਾਤ ਰੀਸਾਈਕਲਰ ਕੋਲ ਲਿਜਾਇਆ ਜਾਂਦਾ ਹੈ।
San Joaquin ਕਾਉਂਟੀ ਦੇ ਨਿਪਟਾਰੇ ਵਾਲੀਆਂ ਥਾਵਾਂ 'ਤੇ ਕੀਟਨਾਸ਼ਕਾਂ ਦੇ ਕੰਟੇਨਰ ਸਾਲ ਭਰ ਸਵੀਕਾਰ ਕੀਤੇ ਜਾਂਦੇ ਹਨ ਜੇ ਉਹ ਸਵੀਕਾਰਯੋਗ ਕੰਟੇਨਰ ਲੋੜਾਂ ਨੂੰ ਪੂਰਾ ਕਰਦੇ ਹਨ। ਨਿਯਤ ਰੀਸਾਈਕਲਿੰਗ ਦਿਨਾਂ 'ਤੇ, ਗੇਟ ਦੀਆਂ ਫ਼ੀਸਾਂ ਮਾਫ਼ ਕੀਤੀਆਂ ਜਾਂਦੀਆਂ ਹਨ ਅਤੇ ਕੰਟੇਨਰਾਂ ਨੂੰ ਪ੍ਰਮਾਣਿਤ ਕਰਨ ਲਈ ਇੱਕ ਖੇਤੀਬਾੜੀ ਇੰਸਪੈਕਟਰ ਸਾਈਟ 'ਤੇ ਮੌਜੂਦ ਹੁੰਦਾ ਹੈ। ਧਿਆਨ ਰੱਖੋ ਕਿ ਜੇ ਕੰਟੇਨਰਾਂ ਨੂੰ ਹੋਰ ਦਿਨਾਂ 'ਤੇ ਡਿਸਪੋਜ਼ਲ ਸਾਈਟਾਂ 'ਤੇ ਲਿਜਾਇਆ ਜਾਂਦਾ ਹੈ ਤਾਂ ਗੇਟ ਫ਼ੀਸ ਲਈ ਜਾਂਦੀ ਹੈ।

ਉਤਪਾਦਕਾਂ ਅਤੇ ਐਪਲੀਕੇਟਰਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਕੰਟੇਨਰਾਂ ਦਾ ਨਿਪਟਾਰਾ ਨਿਯਤ ਰੀਸਾਈਕਲਿੰਗ ਦਿਨਾਂ 'ਤੇ ਕਰਨ। ਇਸ ਨਾਲ ਖੇਤੀਬਾੜੀ ਭਾਈਚਾਰੇ ਦਾ ਸਮਾਂ ਅਤੇ ਪੈਸਾ ਦੋਵੇਂ ਬਚਣਗੇ।

ਜਿਨ੍ਹਾਂ ਕੰਟੇਨਰਾਂ ਵਿੱਚ ਤਰਲ ਕੀਟਨਾਸ਼ਕ ਹੁੰਦੇ ਹਨ, ਉਨ੍ਹਾਂ ਨੂੰ ਅੰਤਮ ਵਰਤੋਂ ਦੇ ਸਮੇਂ ਧੋਇਆ ਜਾਣਾ ਚਾਹੀਦਾ ਹੈ ਤਾਂ ਜੋ ਧੋਣ ਵਾਲੇ ਘੋਲ ਨੂੰ ਇਲਾਜ ਕੀਤੇ ਜਾ ਰਹੇ ਖੇਤ ਵਿੱਚ ਇਸਤੇਮਾਲ ਕੀਤਾ ਜਾ ਸਕੇ। San Joaquin ਕਾਉਂਟੀ ਦੇ ਨਿਪਟਾਰੇ ਵਾਲੀਆਂ ਥਾਵਾਂ 'ਤੇ ਕੀਟਨਾਸ਼ਕਾਂ ਦੇ ਕੰਟੇਨਰ ਸਾਲ ਭਰ ਸਵੀਕਾਰ ਕੀਤੇ ਜਾਂਦੇ ਹਨ **ਜੇ ਉਹ ਸਵੀਕਾਰਯੋਗ ਕੰਟੇਨਰ ਲੋੜਾਂ ਨੂੰ ਪੂਰਾ ਕਰਦੇ ਹਨ।**

## ਰੀਸਾਈਕਲਿੰਗ ਪ੍ਰੋਗਰਾਮ ਦਾ ਮਕਸਦ

1. ਕੀਟਨਾਸ਼ਕਾਂ ਦੇ ਕੰਟੇਨਰਾਂ ਦਾ ਨਿਪਟਾਰਾ ਲਾਗਤ-ਪ੍ਰਭਾਵੀ ਅਤੇ ਵਾਤਾਵਰਣ ਲਈ ਅਨੁਕੂਲ ਤਰੀਕੇ ਨਾਲ ਕਰਨਾ, ਜਿਸ ਨਾਲ ਕਾਉਂਟੀ ਅਤੇ ਆਮ ਜਨਤਾ ਨੂੰ ਲਾਭ ਹੋਵੇ।
2. ਪਲਾਸਟਿਕ ਅਤੇ ਧਾਤ ਦੇ ਕੰਟੇਨਰਾਂ ਨੂੰ ਰੀਸਾਈਕਲ ਕਰਕੇ ਸਰੋਤਾਂ ਦੀ ਸੰਭਾਲ ਨੂੰ ਉਤਸ਼ਾਹਿਤ ਕਰਨਾ।
3. San J oaqui n ਕਾਉਂਟੀ ਦੇ ਕੂੜਾ ਪ੍ਰਬੰਧਨ ਦੀ ਲੈਂਡਫਿਲ ਕੀਤੇ ਜਾਣ ਵਾਲੇ ਠੋਸ ਕੂੜੇ ਦੀ ਮਾਤਰਾ ਨੂੰ ਘਟਾਉਣ ਦੇ ਆਪਣੇ ਕਾਨੂੰਨੀ ਆਦੇਸ਼ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨੀ।

## ਪਲਾਸਟਿਕ ਅਤੇ ਧਾਤ ਦੇ ਕੀਟਨਾਸ਼ਕ ਕੰਟੇਨਰਾਂ ਦੇ ਨਿਪਟਾਰੇ ਦੀਆਂ ਪ੍ਰਕਿਰਿਆਵਾਂ

ਨਿਯਤ ਰੀਸਾਈਕਲਿੰਗ ਦਿਨ 'ਤੇ...

- ਅੰਤਮ ਵਰਤੋਂ ਦੇ ਸਮੇਂ ਕੰਟੇਨਰਾਂ ਨੂੰ ਚੰਗੀ ਤਰ੍ਹਾਂ ਧੋਵੋ ਅਤੇ ਪੰਕਚਰ ਕਰੋ।
- ਸਵੈ-ਪ੍ਰਮਾਣਿਤ ਕਰੋ ਕਿ ਕੰਟੇਨਰ ਸਾਫ਼ ਹਨ। ਸਵੈ-ਪ੍ਰਮਾਣੀਕਰਨ ਫਾਰਮ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਤੋਂ ਮਿਲ ਸਕਦੇ ਹਨ। ਕੰਟੇਨਰਾਂ ਨੂੰ ਲੈਂਡਫਿਲ ਤੱਕ ਪਹੁੰਚਾਓ।
- ਕੋਈ ਗੇਟ ਫ਼ੀਸ ਨਹੀਂ ਲਈ ਜਾਂਦੀ।*
- ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਦਾ ਇੱਕ ਇੰਸਪੈਕਟਰ ਨਿਪਟਾਰੇ ਵਾਲੀ ਥਾਂ 'ਤੇ ਕੰਟੇਨਰਾਂ ਦੀ ਜਾਂਚ ਕਰਦਾ ਹੈ।

***ਧਿਆਨ ਦਿਓ: ਜੇ ਕੀਟਨਾਸ਼ਕਾਂ ਦੇ ਕੰਟੇਨਰਾਂ ਨੂੰ ਹੋਰ ਕੂੜੇ ਦੇ ਨਾਲ ਲੈਂਡਫਿਲ ਵਿੱਚ ਲਿਜਾਇਆ ਜਾਂਦਾ ਹੈ ਜਾਂ ਸਹੀ ਢੰਗ ਨਾਲ ਸਾਫ਼ ਨਹੀਂ ਕੀਤਾ ਜਾਂਦਾ ਹੈ ਤਾਂ ਫ਼ੀਸ ਲਈ ਜਾਂਦੀ ਹੈ।***

ਅਣ-ਨਿਯਤ ਦਿਨ 'ਤੇ...

- ਅੰਤਮ ਵਰਤੋਂ ਦੇ ਸਮੇਂ ਕੰਟੇਨਰਾਂ ਨੂੰ ਚੰਗੀ ਤਰ੍ਹਾਂ ਧੋਵੋ ਅਤੇ ਪੰਕਚਰ ਕਰੋ।
- ਕੰਟੇਨਰਾਂ ਨੂੰ ਲੈਂਡਫਿਲ ਵਿੱਚ ਲਿਜਾਣ ਤੋਂ ਪਹਿਲਾਂ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਦੇ ਇੱਕ ਇੰਸਪੈਕਟਰ ਦੁਆਰਾ ਨਿਰੀਖਣ ਅਤੇ ਪ੍ਰਮਾਣਿਤ ਕਰਵਾਉਣ ਦਾ ਪ੍ਰਬੰਧ ਕਰੋ।
- ਆਪਣੇ ਕੰਟੇਨਰਾਂ ਨੂੰ ਲੈਂਡਫਿਲ ਤੇ ਲਿਜਾਓ।
- ਆਮ ਗੇਟ ਫ਼ੀਸ ਲਈ ਜਾਂਦੀ ਹੈ।

ਰੀਸਾਈਕਲਿੰਗ ਲੀ ਸੇਧਾਂ:

- ਕੰਟੇਨਰ 1 ਪਾਇੰਟ ਤੋਂ ਲੈ ਕੇ 35 ਗੈਲਨ ਤੱਕ ਸਵੀਕਾਰ ਕੀਤੇ ਜਾਂਦੇ ਹਨ।
- ਕੰਟੇਨਰ ਤਿੰਨ ਵਾਰ ਹੰਘਾਲੇ ਗਏ, ਖਾਲੀ, ਸਾਫ਼ ਅਤੇ ਸੁੱਕੇ ਹੋਣਾ ਚਾਹੀਦੇ ਹਨ, ਢੱਕਣ ਹਟਾਇਆ ਹੋਣਾ ਚਾਹੀਦਾ ਹੈ।
- ਕੰਟੇਨਰ ਵਿੱਚੋਂ ਸਾਰੀਆਂ ਲੇਬਲ ਬੁੱਕਲੇਟਾਂ ਅਤੇ ਪਲਾਸਟਿਕ ਦੀਆਂ ਸਲੀਵਜ਼ ਅਤੇ ਕਾਗਜ਼ ਹਟਾ ਦਿਓ। ਗੂੰਦ ਨਾਲ ਚਿਪਕਾਏ ਲੇਬਲ ਰੀਸਾਈਕਲਿੰਗ ਲਈ ਲੱਗੇ ਰਹਿ ਸਕਦੇ ਹਨ। ਨਾਲ ਹੀ, ਟੂਟੀ ਦੇ ਆਲੇ-ਦੁਆਲੇ ਫੋਇਲ ਸੀਲ ਦਾ ਜ਼ਿਆਦਾਤਰ ਹਿੱਸਾ ਹਟਾ ਦਿਓ।
- 5-ਗੈਲਨ ਵਾਲੀਆਂ ਬਾਲਟੀਆਂ/ਡੱਬਿਆਂ ਦਾ ਢੱਕਣ ਹਟਾਇਆ ਜਾਣਾ ਚਾਹੀਦਾ ਹੈ ਅਤੇ ਧਾਤ ਦਾ ਹੈਂਡਲ ਹਟਾਇਆ ਜਾਣਾ ਚਾਹੀਦਾ ਹੈ ਅਤੇ ਬਾਲਟੀਆਂ ਅਤੇ ਡੱਬਿਆਂ ਨੂੰ ਇੱਕ ਦੂਜੇ ਦੇ ਅੰਦਰ ਰੱਖਿਆ ਜਾਣਾ ਚਾਹੀਦਾ ਹੈ। ਢੱਕਣਾਂ ਨੂੰ ਧਾਤ ਅਤੇ ਰਬੜ ਦੀ ਗੈਸਕੇਟ ਹਟਾ ਕੇ ਸਵੀਕਾਰ ਕੀਤਾ ਜਾਂਦਾ ਹੈ।
- 35-ਗੈਲਨ ਦੇ ਬੈਰਲ ਪਲਾਸਟਿਕ ਦੇ ਡੱਟ ਹਟਾ ਕੇ ਸਵੀਕਾਰ ਕੀਤੇ ਜਾਂਦੇ ਹਨ।

**ਕਿਰਪਾ ਕਰਕੇ ਰੀਸਾਈਕਲ ਕਰੋ**

**ਕੰਟੇਨਰ ਤਿੰਨ ਵਾਰ ਹੰਘਾਲੇ ਗਏ, ਖਾਲੀ, ਸਾਫ਼ ਅਤੇ ਸੁੱਕੇ ਹੋਣਾ ਚਾਹੀਦੇ ਹਨ, ਢੱਕਣ ਹਟਾਇਆ ਹੋਣਾ ਚਾਹੀਦਾ ਹੈ। ਕੰਟੇਨਰ ਵਿੱਚੋਂ ਸਾਰੀਆਂ ਲੇਬਲ ਬੁੱਕਲੇਟਾਂ ਅਤੇ ਪਲਾਸਟਿਕ ਦੀਆਂ ਸਲੀਵਜ਼ ਅਤੇ ਕਾਗਜ਼ ਹਟਾ ਦਿਓ।**
ਗੂੰਦ ਨਾਲ ਚਿਪਕਾਏ ਲੇਬਲ ਰੀਸਾਈਕਲਿੰਗ ਲਈ ਲੱਗੇ ਰਹਿ ਸਕਦੇ ਹਨ। ਨਾਲ ਹੀ, ਟੂਟੀ ਦੇ ਆਲੇ-ਦੁਆਲੇ ਫੋਇਲ ਸੀਲ ਦਾ ਜ਼ਿਆਦਾਤਰ ਹਿੱਸਾ ਹਟਾ ਦਿਓ।

ਹੋਰ ਜਾਣਕਾਰੀ ਲਈ ਇਸ ਵੈੱਬਸਾਈਟ 'ਤੇ ਜਾਓ: https://www.sjgov.org/department/agcomm/pesticide_use_enforcement

## ਕੀਟਨਾਸ਼ਕ ਦੀ ਸਟੋਰੇਜ

ਕੀਟਨਾਸ਼ਕਾਂ ਨੂੰ ਹਮੇਸ਼ਾ ਅਸਲੀ ਕੰਟੇਨਰ ਵਿੱਚ ਹੀ ਸਟੋਰ ਕੀਤਾ ਜਾਣਾ ਚਾਹੀਦਾ ਹੈ। ਰਜਿਸਟਰਡ ਲੇਬਲ ਕੰਟੇਨਰ 'ਤੇ ਹੀ ਰਹਿਣਾ ਚਾਹੀਦਾ ਹੈ, ਭਾਵੇਂ ਖਾਲੀ ਹੋਵੇ। ਕੀਟਨਾਸ਼ਕਾਂ ਦੇ ਕੰਟੇਨਰ, ਭਾਵੇਂ ਭਰੇ ਹੋਏ ਹੋਣ ਜਾਂ ਖਾਲੀ, ਇੱਕ ਤਾਲਾਬੰਦ ਅਹਾਤੇ ਵਿੱਚ ਸਟੋਰ ਕੀਤੇ ਜਾਣੇ ਚਾਹੀਦੇ ਹਨ।


**DANGER** ਜਾਂ **WARNING** ਸੰਕੇਤ ਸ਼ਬਦਾਂ ਵਾਲੇ ਕੰਟੇਨਰਾਂ ਨੂੰ ਰੱਖਣ ਵਾਲੇ ਅਹਾਤਿਆਂ ਨੂੰ ਕੀਟਨਾਸ਼ਕ ਭੰਡਾਰਨ ਖੇਤਰਾਂ ਵਜੋਂ ਚਿੰਨ੍ਹਿਤ ਕੀਤਾ ਜਾਣਾ ਚਾਹੀਦਾ ਹੈ। ਸੰਕੇਤਾਂ ਵਿੱਚ ਇਹ ਲਾਜ਼ਮੀ ਦੱਸਿਆ ਜਾਣਾ ਚਾਹੀਦਾ ਹੈ:

**ਖ਼ਤਰਾ**
**ਜ਼ਹਿਰ ਸਟੋਰੇਜ ਖੇਤਰ**
**ਸਾਰੇ ਅਣਅਧਿਕਾਰਤ ਵਿਅਕਤੀ ਬਾਹਰ ਰਹਿਣ**
**ਵਰਤੋਂ ਵਿੱਚ ਨਾ ਹੋਣ 'ਤੇ ਦਰਵਾਜ਼ਾ ਬੰਦ ਰੱਖੋ**

ਇਹ ਚਿੰਨ੍ਹ 25 ਫੁੱਟ ਦੀ ਦੂਰੀ ਤੋਂ ਪੜ੍ਹਨਯੋਗ ਹੋਣੇ ਚਾਹੀਦੇ ਹਨ ਅਤੇ ਆਉਣ ਵਾਲੇ ਦੀ ਕਿਸੇ ਵੀ ਸੰਭਾਵਿਤ ਦਿਸ਼ਾ ਤੋਂ ਦਿਖਾਈ ਦੇਣ ਯੋਗ ਹੋਣੇ ਚਾਹੀਦੇ ਹਨ।

ਕੀਟਨਾਸ਼ਕਾਂ ਦੀ ਗਲਤ ਸਟੋਰੇਜ ਅਤੇ ਨਿਪਟਾਰਾ ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਖ਼ਤਰਨਾਕ ਹੋ ਸਕਦਾ ਹੈ। ਇਨ੍ਹਾਂ ਸੁਰੱਖਿਆ ਸਿਫ਼ਾਰਸ਼ਾਂ ਦੀ ਪਾਲਣਾ ਕਰੋ:

- ਬਹੁਤ ਜ਼ਿਆਦਾ ਇਕੱਠੇ ਕਰਕੇ ਨਾ ਰੱਖੋ। ਸਿਰਫ਼ ਇੰਨੇ ਹੀ ਕੀਟਨਾਸ਼ਕ ਖਰੀਦੋ ਜੋ ਵਰਤੋਂ ਦੇ ਮੌਸਮ ਦੌਰਾਨ ਵਰਤੇ ਜਾਣ ਲਈ ਕਾਫ਼ੀ ਹੋਣ।
- ਕੀਟਨਾਸ਼ਕਾਂ ਨੂੰ ਹਮੇਸ਼ਾ ਉਨ੍ਹਾਂ ਦੇ ਅਸਲ ਕੰਟੇਨਰਾਂ ਵਿੱਚ ਸਟੋਰ ਕਰੋ। ਕੰਟੇਨਰ ਦੇ ਲੇਬਲ 'ਤੇ ਮਹੱਤਵਪੂਰਨ ਜਾਣਕਾਰੀ ਹੁੰਦੀ ਹੈ, ਜਿਸ ਵਿੱਚ ਸਮੱਗਰੀਆਂ, ਵਰਤੋਂ ਲਈ ਨਿਰਦੇਸ਼ ਅਤੇ ਦੁਰਘਟਨਾ ਵਿੱਚ ਜ਼ਹਿਰਲਾ ਅਸਰ ਹੋਣ ਦੀ ਸਥਿਤੀ ਵਿੱਚ ਮੁਢਲੀ ਡਾਕਟਰੀ ਸਹਾਇਤਾ ਸ਼ਾਮਲ ਹੈ। ਕੀਟਨਾਸ਼ਕਾਂ ਨੂੰ ਕਦੇ ਵੀ ਸਾਫਟ ਡ੍ਰਿੰਕ ਦੀਆਂ ਬੋਤਲਾਂ ਜਾਂ ਹੋਰ ਕੰਟੇਨਰਾਂ ਵਿੱਚ ਨਾ ਪਾਓ ਜਿਨ੍ਹਾਂ ਨੂੰ ਆਮ ਤੌਰ 'ਤੇ ਭੋਜਨ, ਪੀਣ ਵਾਲੇ ਪਦਾਰਥਾਂ ਜਾਂ ਘਰੇਲੂ ਉਤਪਾਦਾਂ ਲਈ ਵਰਤਿਆ ਜਾਂਦਾ ਹੈ। ਬੱਚੇ ਜਾਂ ਹੋਰ ਲੋਕ ਉਨ੍ਹਾਂ ਨੂੰ ਗਲਤੀ ਨਾਲ ਖਾਣ-ਪੀਣ ਦੀ ਚੀਜ਼ ਸਮਝ ਸਕਦੇ ਹਨ।




- ਕੀਟਨਾਸ਼ਕਾਂ ਨੂੰ ਬੱਚਿਆਂ ਅਤੇ ਪਾਲਤੂ ਪਸ਼ੂਆਂ ਦੀ ਪਹੁੰਚ ਤੋਂ ਦੂਰ ਰੱਖੋ। ਕੀਟਨਾਸ਼ਕਾਂ ਨੂੰ ਸਟੋਰ ਕਰਨ ਲਈ ਸਭ ਤੋਂ ਵਧੀਆ ਜਗ੍ਹਾ ਤਾਲਾਬੰਦ ਸਟੋਰੇਜ ਸ਼ੈੱਡ ਜਾਂ ਚੰਗੀ ਤਰ੍ਹਾਂ ਹਵਾਦਾਰ ਖੇਤਰ ਵਿੱਚ ਕੈਬਨਿਟ ਵਿੱਚ ਹੈ। ਕੀਟਨਾਸ਼ਕਾਂ ਨੂੰ ਕਦੇ ਵੀ ਭੋਜਨ, ਜਾਨਵਰਾਂ ਦੇ ਚਾਰੇ ਜਾਂ ਡਾਕਟਰੀ ਸਮਾਨ ਦੇ ਨੇੜੇ ਕੈਬਿਨੇਟਾਂ ਵਿੱਚ ਨਾ ਰੱਖੋ। ਕੀਟਨਾਸ਼ਕਾਂ ਨੂੰ ਹਰ ਵਰਤੋਂ ਤੋਂ ਤੁਰੰਤ ਬਾਅਦ ਸਟੋਰ ਕਰੋ।
- "ਬੱਚਿਆਂ ਲਈ ਰੋਧਕ" ਪੈਕਿੰਗ ਦਾ ਮਤਲਬ ਬੱਚਿਆਂ ਲਈ ਸੁਰੱਖਿਅਤ ਨਹੀਂ ਹੈ। ਤੁਹਾਨੂੰ ਹਾਲੇ ਵੀ ਕੀਟਨਾਸ਼ਕਾਂ ਨੂੰ ਸਹੀ ਢੰਗ ਨਾਲ, ਬੱਚਿਆਂ ਦੀ ਪਹੁੰਚ ਤੋਂ ਬਾਹਰ ਸਟੋਰ ਕਰਨਾ ਚਾਹੀਦਾ ਹੈ। ਯਕੀਨੀ ਬਣਾਓ ਕੰਟੇਨਰਾਂ ਨੂੰ ਕੱਸ ਕੇ ਬੰਦ ਕੀਤਾ ਜਾਂਦਾ ਹੈ।
- ਜਲਣਸ਼ੀਲ ਤਰਲ ਪਦਾਰਥਾਂ ਨੂੰ ਰਹਿਣ ਵਾਲੇ ਖੇਤਰਾਂ ਤੋਂ ਦੂਰ ਅਤੇ ਚਿੰਗਿਆੜੀ ਦੇ ਸਰੋਤਾਂ ਜਿਵੇਂ ਕਿ ਭੱਠੀ, ਵਾਹਨ, ਬਾਹਰੀ ਗ੍ਰਿੱਲ ਜਾਂ ਗੈਸ ਨਾਲ ਚੱਲਣ ਵਾਲੇ ਔਜ਼ਾਰਾਂ ਤੋਂ ਦੂਰ ਰੱਖੋ। ਕੰਟੇਨਰਾਂ ਨੂੰ ਅਜਿਹੀ ਜਗ੍ਹਾ 'ਤੇ ਸਟੋਰ ਨਾ ਕਰੋ ਜਿੱਥੇ ਹੜ੍ਹ ਆਉਣ ਦੀ ਸੰਭਾਵਨਾ ਹੋਵੇ ਜਾਂ ਜਿੱਥੇ ਉਹ ਖੂਹਾਂ, ਨਾਲੀਆਂ, ਜ਼ਮੀਨੀ ਪਾਣੀ ਜਾਂ ਸਤ੍ਹਾ ਦੇ ਪਾਣੀ ਵਿੱਚ ਡੁੱਲ੍ਹ ਜਾਂ ਲੀਕ ਹੋ ਜਾਣ।
- ਲੇਬਲਾਂ ਉੱਤੇ ਲਗਾਈ ਗਈ ਪਾਰਦਰਸ਼ੀ ਟੇਪ ਉਨ੍ਹਾਂ ਨੂੰ ਪੜ੍ਹਨਯੋਗ ਰੱਖਣ ਵਿੱਚ ਮਦਦ ਕਰਦੀ ਹੈ। ਜੇ ਤੁਸੀਂ ਇਹ ਨਹੀਂ ਦੱਸ ਸਕਦੇ ਕਿ ਕੋਈ ਕੰਟੇਨਰ ਕਿੰਨਾ ਪੁਰਾਣਾ ਹੈ, ਜਾਂ ਉਸ ਵਿੱਚ ਮੌਜੂਦ ਸਮੱਗਰੀ ਦੀ ਪਛਾਣ ਨਹੀਂ ਕਰ ਸਕਦੇ, ਤਾਂ ਸੁਰੱਖਿਅਤ ਨਿਪਟਾਰੇ ਬਾਰੇ ਸਲਾਹ ਦੀ ਪਾਲਣਾ ਕਰੋ।

## ਢੋਆ-ਢੁਆਈ

ਕੁਝ ਸਧਾਰਨ ਪ੍ਰਕਿਰਿਆਵਾਂ ਹਨ ਜਿਨ੍ਹਾਂ ਦੀ ਪਾਲਣਾ ਇਹ ਯਕੀਨੀ ਬਣਾਉਣ ਲਈ ਕੀਤੀ ਜਾ ਸਕਦੀ ਹੈ ਕਿ ਕੀਟਨਾਸ਼ਕਾਂ ਦੀ ਸੁਰੱਖਿਅਤ ਢੰਗ ਨਾਲ ਢੋਆ-ਢੁਆਈ ਕੀਤੀ ਜਾਵੇ।

- ਕੀਟਨਾਸ਼ਕਾਂ ਨੂੰ ਉਸੇ ਕੰਪਾਰਟਮੈਂਟ ਵਿੱਚ ਨਹੀਂ ਲਿਜਾਇਆ ਜਾਣਾ ਚਾਹੀਦਾ ਜਿਸ ਵਿੱਚ ਕੋਈ ਵਿਅਕਤੀ, ਭੋਜਨ ਜਾਂ ਫੀਡ ਹੋਵੇ।
- ਸਾਰੇ ਕੀਟਨਾਸ਼ਕਾਂ ਨੂੰ ਇੱਕ ਸੁਰੱਖਿਅਤ ਸਿੱਧੀ ਸਥਿਤੀ ਵਿੱਚ ਲਿਜਾਇਆ ਜਾਣਾ ਚਾਹੀਦਾ ਹੈ, ਡੁੱਲ੍ਹਣ ਤੋਂ ਰੋਕਣ ਲਈ ਮੂੰਹ ਬੰਦ ਹੋਣਾ ਚਾਹੀਦਾ ਹੈ, ਅਤੇ ਸਾਰੇ ਕੰਟੇਨਰਾਂ 'ਤੇ ਜਾਂ ਤਾਂ ਅਸਲ ਨਿਰਮਾਤਾ ਦਾ ਲੇਬਲ ਜਾਂ ਸਰਵਿਸ ਕੰਟੇਨਰ ਦਾ ਲੇਬਲ ਜੁੜਿਆ ਹੋਣਾ ਚਾਹੀਦੀ ਹੈ।
- ਸਰਵਿਸ ਕੰਟੇਨਰ ਲੇਬਲ ਲਈ ਕੰਟੇਨਰ ਲਈ ਜ਼ਿੰਮੇਵਾਰ ਵਿਅਕਤੀ ਦਾ ਨਾਮ ਅਤੇ ਪਤਾ, ਕੀਟਨਾਸ਼ਕ ਦਾ ਆਮ ਨਾਮ ਅਤੇ ਅਸਲ ਲੇਬਲ ਤੋਂ ਲਏ ਗਏ ਸੰਕੇਤ ਸ਼ਬਦ ("DANGER", "WARNING", "CAUTION") ਦੀ ਲੋੜ ਹੁੰਦੀ ਹੈ।

ਕੀਟਨਾਸ਼ਕਾਂ ਦੇ ਕੰਟੇਨਰ, ਭਾਵੇਂ ਭਰੇ ਹੋਏ ਹੋਣ ਜਾਂ ਖਾਲੀ, ਇੱਕ **ਤਾਲਾਬੰਦ ਅਹਾਤੇ ਵਿੱਚ ਸਟੋਰ ਕੀਤੇ** ਜਾਣੇ ਚਾਹੀਦੇ ਹਨ।
ਕੀਟਨਾਸ਼ਕਾਂ ਨੂੰ ਬੱਚਿਆਂ ਅਤੇ ਪਾਲਤੂ ਪਸ਼ੂਆਂ ਦੀ ਪਹੁੰਚ ਤੋਂ ਦੂਰ ਰੱਖੋ। ਸਭ ਤੋਂ ਵਧੀਆ ਜਗ੍ਹਾ **ਤਾਲਾਬੰਦ ਸਟੋਰੇਜ ਸ਼ੈੱਡ ਜਾਂ ਚੰਗੀ ਤਰ੍ਹਾਂ ਹਵਾਦਾਰ ਖੇਤਰ ਵਿੱਚ ਕੈਬਨਿਟ ਵਿੱਚ ਹੈ।**

## ਕੀਟਨਾਸ਼ਕ ਦੀ ਵਰਤੋਂ ਦੀ ਰਿਪੋਰਟ ਕਰਨਾ ਅਤੇ ਰਿਕਾਰਡ ਰੱਖਣੇ

ਕੈਲੀਫੋਰਨੀਆ ਦੇ ਕਾਨੂੰਨ ਅਨੁਸਾਰ ਵਪਾਰਕ ਖੇਤੀਬਾੜੀ ਕਾਰਜਾਂ ਅਤੇ ਕੀਟ ਨਿਯੰਤਰਣ ਸੇਵਾਵਾਂ ਦੁਆਰਾ ਕੀਟਨਾਸ਼ਕ ਵਰਤੋਂ ਦੀ 100% ਰਿਪੋਰਟਿੰਗ ਦੀ ਲੋੜ ਹੁੰਦੀ ਹੈ। ਖਾਦਾਂ ਅਤੇ ਮਿੱਟੀ ਵਿੱਚ ਸੋਧਾਂ ਨੂੰ ਛੱਡ ਕੇ, ਖੇਤੀਬਾੜੀ ਉਤਪਾਦਨ ਲਈ ਇਸਤੇਮਾਲ ਕੀਤੀ ਗਈ ਸਾਰੀ ਸਮੱਗਰੀ ਦੀ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਨੂੰ ਲਾਜ਼ਮੀ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਇਸ ਵਿੱਚ ਸਾਰੇ ਕੀਟਨਾਸ਼ਕ, ਗੰਧਕ, ਚੂਹੇਨਾਸ਼ਕ, ਨਦੀਨਨਾਸ਼ਕ, ਡੀਫੋਲੀਐਂਟ (ਪੱਤੇ ਹਟਾਉਣ ਵਾਲਾ ਪਦਾਰਥ), ਵਿਕਾਸ ਰੈਗੂਲੇਟਰ ਅਤੇ ਸਹਾਇਕ ਪਦਾਰਥ ਸ਼ਾਮਲ ਹਨ। ਜੇ ਕਿਸੇ ਸਮੱਗਰੀ ਦਾ ਲੇਬਲ 'ਤੇ EPA ਜਾਂ ਕੈਲੀਫੋਰਨੀਆ ਰਜਿਸਟ੍ਰੇਸ਼ਨ ਨੰਬਰ ਹੈ, ਤਾਂ ਰਿਪੋਰਟ ਦੀ ਲੋੜ ਹੁੰਦੀ ਹੈ।

ਜੇ ਕੀਟਨਾਸ਼ਕ ਵਰਤੋਂ ਰਿਪੋਰਟ ਨੂੰ ਪੂਰਾ ਕਰਨ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਕਰੋ।

ਉਤਪਾਦਕਾਂ ਦੁਆਰਾ ਇਸਤੇਮਾਲ ਕੀਤੀ ਗਈ ਸਮੱਗਰੀ ਦੀ ਅਗਲੇ ਮਹੀਨੇ ਦੀ 10 ਤਰੀਕ ਤੱਕ ਐਗਰੀਕਲਚਰਲ ਕਮਿਸ਼ਨਰ ਦਫ਼ਤਰ ਨੂੰ ਲਾਜ਼ਮੀ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ (ਭਾਵ ਜੂਨ ਦੇ ਇਸਤੇਮਾਲਾਂ ਨੂੰ 10 ਜੁਲਾਈ ਤੱਕ ਲਾਜ਼ਮੀ ਜਮ੍ਹਾਂ ਕਰਵਾਇਆ ਜਾਣਾ ਚਾਹੀਦਾ ਹੈ)। ਕੀਟਨਾਸ਼ਕ ਵਰਤੋਂ ਦੀਆਂ ਰਿਪੋਰਟਾਂ ਡਾਕ ਰਾਹੀਂ, ਇਲੈਕਟ੍ਰਾਨਿਕ ਤਰੀਕੇ ਨਾਲ (CalAgPermits ਜਾਂ ਕਿਸੇ ਤੀਜੀ ਧਿਰ ਵਿਕ੍ਰੇਤਾ ਰਾਹੀਂ), ਜਾਂ ਵਿਅਕਤੀਗਤ ਤੌਰ 'ਤੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ; ਉਨ੍ਹਾਂ ਨੂੰ ਈਮੇਲ ਜਾਂ ਫੈਕਸ ਰਾਹੀਂ ਜਮ੍ਹਾਂ ਨਹੀਂ ਕਰਵਾਇਆ ਜਾ ਸਕਦਾ।

ਕੀਟਨਾਸ਼ਕ ਵਰਤੋਂ ਰਿਪੋਰਟਾਂ ਜਮ੍ਹਾਂ ਕਰਾਉਣ ਲਈ ਉਤਪਾਦਕ ਜ਼ਿੰਮੇਵਾਰ ਹੁੰਦਾ ਹੈ; ਜਦੋਂ ਕਿ ਕੀਟਨਾਸ਼ਕ ਡੀਲਰ ਜਾਂ ਕੀਟ ਨਿਯੰਤ੍ਰਣ ਸਲਾਹਕਾਰ ਅਕਸਰ ਸ਼ਿਸ਼ਟਾਚਾਰ ਵਜੋਂ ਰਿਪੋਰਟਾਂ ਜਮ੍ਹਾਂ ਕਰਦੇ ਹਨ, ਰਿਪੋਰਟ ਦੀ ਸਮਾਂ-ਸੀਮਾ ਅਤੇ ਸ਼ੁੱਧਤਾ ਲਈ ਅੰਤ ਵਿੱਚ ਉਤਪਾਦਕ ਜ਼ਿੰਮੇਵਾਰ ਰਹਿੰਦਾ ਹੈ।

ਵਪਾਰਕ ਇਸਤੇਮਾਲ ਕਰਨ ਵਾਲਿਆਂ ਨੂੰ ਕਿਰਾਏ 'ਤੇ ਇਸਤੇਮਾਲਾਂ ਦੇ ਪੂਰੇ ਹੋਣ ਦੇ 7 ਦਿਨਾਂ ਦੇ ਅੰਦਰ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਨੂੰ ਰਿਪੋਰਟ ਕਰਨੀ ਚਾਹੀਦੀ ਹੈ। ਵਪਾਰਕ ਇਸਤੇਮਾਲ ਕਰਨ ਵਾਲਿਆਂ ਨੂੰ ਇੱਕ ਕਾਪੀ ਉਤਪਾਦਕ ਨੂੰ ਵੀ ਭੇਜਣੀ ਚਾਹੀਦੀ ਹੈ।

ਉਤਪਾਦਕ ਨੂੰ ਨਿੱਜੀ ਅਤੇ ਵਪਾਰਕ ਕੀਟਨਾਸ਼ਕ ਵਰਤੋਂ ਦੀਆਂ ਰਿਪੋਰਟਾਂ ਨੂੰ ਲਾਜ਼ਮੀ ਤੌਰ 'ਤੇ ਦੋ ਸਾਲਾਂ ਲਈ ਸੰਭਾਲ ਕੇ ਰੱਖਣਾ ਚਾਹੀਦਾ ਹੈ।

## ਇਲੈਕਟ੍ਰਾਨਿਕ ਕੀਟਨਾਸ਼ਕਾਂ ਦੀ ਵਰਤੋਂ ਦੀਆਂ ਰਿਪੋਰਟਾਂ ਅਤੇ ਇਰਾਦੇ ਦਾ ਨੋਟਿਸ ਦਾਇਰ ਕਰਨਾ

San Joaquin ਕਾਉਂਟੀ ਦੇ ਉਤਪਾਦਕ ਅਤੇ ਇਸਤੇਮਾਲ ਕਰਨ ਵਾਲੇ CalAgPermits ਜਾਂ ਕਿਸੇ ਤੀਜੀ ਧਿਰ ਵਿਕ੍ਰੇਤਾ ਸਾਈਟ ਰਾਹੀਂ ਕੀਟਨਾਸ਼ਕਾਂ ਦੀ ਵਰਤੋਂ ਦੀਆਂ ਰਿਪੋਰਟਾਂ ਅਤੇ ਇਰਾਦੇ ਦਾ ਨੋਟਿਸ ਜਮ੍ਹਾਂ ਕਰ ਸਕਦੇ ਹਨ। ਮੁਫ਼ਤ, ਵੈੱਬ-ਅਧਾਰਿਤ, CalAgPermits ਸਿਸਟਮ ਤੱਕ ਪਹੁੰਚ ਕਰਨ ਲਈ, ਉਤਪਾਦਕਾਂ ਨੂੰ ਪਹਿਲਾਂ ਇੱਕ ਯੂਜ਼ਰਨੇਮ ਅਤੇ ਪਾਸਵਰਡ ਪ੍ਰਾਪਤ ਕਰਨਾ ਪਵੇਗਾ, ਜੋ ਕਿ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦਫ਼ਤਰ ਤੋਂ ਵਾਕ-ਇਨ, ਫ਼ੋਨ ਜਾਂ ਈਮੇਲ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਾਈਟ ਦਾ ਪਤਾ www.calagpermits.org ਹੈ।

## ਰਿਕਾਰਡ ਰੱਖਣੇ

***ਉਤਪਾਦਕ-ਜਾਇਦਾਦ ਦੇ ਸੰਚਾਲਕ ਹੋਣ ਦੇ ਨਾਤੇ ਤੁਹਾਨੂੰ ਹੇਠ ਦਿੱਤੇ ਰਿਕਾਰਡ ਲਾਜ਼ਮੀ ਬਣਾ ਕੇ ਰੱਖਣੇ ਚਾਹੀਦੇ ਹਨ:***

- ਪ੍ਰਤਿਬੰਧਿਤ ਸਮੱਗਰੀ ਪਰਮਿਟ/ਆਪਰੇਟਰ ਪਛਾਣ ਨੰਬਰ: 2 ਸਾਲ ਲਈ ਰੱਖੋ।
- ਕੀਟਨਾਸ਼ਕ ਵਰਤੋਂ ਰਿਪੋਰਟਾਂ: 2 ਸਾਲ ਲਈ ਰੱਖੋ।
- ਇਸਤੇਮਾਲ ਮੁਕੰਮਲ ਹੋਣ ਦੇ ਨੋਟਿਸ: 2 ਸਾਲ ਲਈ ਰੱਖੋ।
- ਜਦੋਂ ਵੀ ਕਰਮਚਾਰੀ ਕੀਟਨਾਸ਼ਕਾਂ ਨੂੰ ਸੰਭਾਲ ਰਹੇ ਹੋਣ ਜਾਂ ਇਲਾਜ ਕੀਤੇ ਖੇਤਾਂ ਵਿੱਚ ਦਾਖਲ ਹੋ ਰਹੇ ਹੋਣ, ਐਮਰਜੈਂਸੀ ਮੈਡੀਕਲ ਦੇਖਭਾਲ ਦੀ ਜਾਣਕਾਰੀ ਕੇਂਦਰੀ ਕੰਮ ਵਾਲੀ ਥਾਂ 'ਤੇ ਪੋਸਟ ਕੀਤੀ ਜਾਣੀ ਚਾਹੀਦੀ ਹੈ।
- ਕੀਟਨਾਸ਼ਕ ਹੈਂਡਲਰ ਸਿਖਲਾਈ ਪ੍ਰੋਗਰਾਮ, ਜਿਸ ਵਿੱਚ ਰੁਜ਼ਗਾਰਦਾਤਾ ਦਾ ਲਿਖਤੀ ਹੈਂਡਲਰ ਸਿਖਲਾਈ ਪ੍ਰੋਗਰਾਮ, ਕੀਟਨਾਸ਼ਕ ਸੁਰੱਖਿਆ ਸਿਖਲਾਈ ਰਿਕਾਰਡ ਸ਼ਾਮਲ ਹਨ: 2 ਸਾਲ ਲਈ ਰੱਖੋ।
- ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ (PSIS) A-8 ਦੀ ਪੂਰੀ ਕੀਤੀ ਕਾਪੀ ਉਨ੍ਹਾਂ ਕਰਮਚਾਰੀਆਂ ਲਈ ਬਿਨਾਂ ਪੁੱਛੇ ਪਹੁੰਚਯੋਗ ਹੋਣੀ ਚਾਹੀਦੀ ਹੈ ਜੋ ਕੀਟਨਾਸ਼ਕਾਂ ਨੂੰ ਸੰਭਾਲਦੇ ਹਨ। ਜਦੋਂ ਕਰਮਚਾਰੀ ਕੀਟਨਾਸ਼ਕਾਂ ਨੂੰ ਸੰਭਾਲਦੇ ਹਨ ਤਾਂ ਇਹ ਪਹੁੰਚਯੋਗ ਰਹਿਣੀ ਚਾਹੀਦੀ ਹੈ।
- ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ (PSIS) A-9 ਦੀ ਪੂਰੀ ਕੀਤੀ ਕਾਪੀ ਖੇਤ ਵਿੱਚ ਕੰਮ ਕਰਨ ਵਾਲਿਆਂ ਲਈ ਬਿਨਾਂ ਪੁੱਛੇ ਪਹੁੰਚਯੋਗ ਹੋਣੀ ਚਾਹੀਦੀ ਹੈ। ਇਹ ਲਾਜ਼ਮੀ ਤੌਰ 'ਤੇ ਉਸ ਦੌਰਾਨ ਪਹੁੰਚਯੋਗ ਰਹਿਣੀ ਚਾਹੀਦੀ ਹੈ ਜਦੋਂ ਕਾਮਿਆਂ ਨੂੰ ਖੇਤ ਦਾ ਕੰਮ, ਜਿਵੇਂ ਕਿ ਛੰਗਾਈ, ਵਾਢੀ, ਸਿੰਚਾਈ ਜਾਂ ਹੋਰ ਗਤੀਵਿਧੀਆਂ ਕਰਨ ਲਈ ਕਰਨ ਲਈ ਨੌਕਰੀ 'ਤੇ ਰੱਖਿਆ ਜਾਂਦਾ ਹੈ ਜਿੱਥੇ ਕਰਮਚਾਰੀ ਇਲਾਜ ਕੀਤੇ ਖੇਤਾਂ ਵਿੱਚ ਦਾਖਲ ਹੁੰਦੇ ਹਨ।
- ਖ਼ਤਰੇ ਦੇ ਸੰਚਾਰ ਸੰਬੰਧੀ ਜਾਣਕਾਰੀ ਅਤੇ ਇਸਤੇਮਾਲ ਸੰਬੰਧੀ ਜਾਣਕਾਰੀ ਪਹੁੰਚਯੋਗ ਹੋਣੀ ਚਾਹੀਦੀ ਹੈ। ਜਦੋਂ ਕਰਮਚਾਰੀ ਕੀਟਨਾਸ਼ਕਾਂ ਨੂੰ ਸੰਭਾਲਦੇ ਹਨ ਜਾਂ ਇਲਾਜ ਕੀਤੇ ਖੇਤਾਂ ਵਿੱਚ ਕੰਮ ਕਰਦੇ ਹਨ ਤਾਂ ਇਨ੍ਹਾਂ ਨੂੰ ਪਹੁੰਚਯੋਗ ਰਹਿਣਾ ਚਾਹੀਦਾ ਹੈ।
- ਸਾਹ ਸੰਬੰਧੀ ਸੁਰੱਖਿਆ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੈ ਲਿਖਤੀ ਸੰਚਾਲਨ ਪ੍ਰਕਿਰਿਆਵਾਂ, ਕਰਮਚਾਰੀ ਸਿਖਲਾਈ ਦੇ ਦਸਤਾਵੇਜ਼ ਅਤੇ ਡਾਕਟਰੀ ਸਥਿਤੀ ਦਾ ਕਰਮਚਾਰੀ ਬਿਆਨ/ਮੈਡੀਕਲ ਮੁਲਾਂਕਣ। ਇਹ ਲਾਜ਼ਮੀ ਤੌਰ 'ਤੇ ਉਸ ਦੌਰਾਨ ਜਦੋਂ ਕਰਮਚਾਰੀ ਰੈਸਪੀਰੇਟਰਾਂ ਦੀ ਲੋੜ ਵਾਲੀਆਂ ਸਮੱਗਰੀਆਂ ਨੂੰ ਸੰਭਾਲਦੇ ਸਮੇਂ ਅਤੇ ਅਗਲੇ ਤਿੰਨ ਸਾਲਾਂ ਲਈ ਉਪਲਬਧ ਰਹਿਣੇ ਚਾਹੀਦੇ ਹਨ।

ਉਹ ਉਤਪਾਦਕ ਜਿਨ੍ਹਾਂ ਦੇ ਕਰਮਚਾਰੀ ਨਿਯਮਿਤ ਤੌਰ 'ਤੇ ਆਰਗਨੋਫਾਸਫੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਨੂੰ ਸੰਭਾਲਦੇ ਹਨ:

- ਜਦੋਂ ਵੀ ਕਰਮਚਾਰੀ ਨਿਯਮਿਤ ਤੌਰ 'ਤੇ ਆਰਗਨੋਫਾਸਫੇਟ ਜਾਂ ਕਾਰਬਾਮੇਟ ਨੂੰ ਸੰਭਾਲ ਰਹੇ ਹੋਣ, ਤਾਂ ਮੈਡੀਕਲ ਨਿਗਰਾਨੀ ਜਾਣਕਾਰੀ ਕੰਮ ਵਾਲੀ ਥਾਂ 'ਤੇ ਲਾਜ਼ਮੀ ਪੋਸਟ ਕੀਤੀ ਜਾਣੀ ਚਾਹੀਦੀ ਹੈ।
- ਮੈਡੀਕਲ ਨਿਗਰਾਨੀ ਪ੍ਰੋਗਰਾਮ ਵਿੱਚ ਕਰਮਚਾਰੀ ਵਰਤੋਂ ਦੇ ਰਿਕਾਰਡ, ਡਾਕਟਰ ਦਾ ਸਮਝੌਤਾ, ਟੈਸਟ ਦੇ ਨਤੀਜੇ ਅਤੇ ਸਿਫ਼ਾਰਸ਼ਾਂ ਸ਼ਾਮਲ ਹਨ: 3 ਸਾਲਾਂ ਲਈ ਰੱਖੋ।

ਕੈਲੀਫੋਰਨੀਆ ਦੇ ਕਾਨੂੰਨ ਅਨੁਸਾਰ ਵਪਾਰਕ ਖੇਤੀਬਾੜੀ ਕਾਰਜਾਂ ਅਤੇ ਕੀਟ ਨਿਯੰਤਰਣ ਸੇਵਾਵਾਂ ਦੁਆਰਾ **ਕੀਟਨਾਸ਼ਕ ਵਰਤੋਂ ਦੀ 100% ਰਿਪੋਰਟਿੰਗ ਦੀ ਲੋੜ ਹੁੰਦੀ ਹੈ। ਕੀਟਨਾਸ਼ਕ ਵਰਤੋਂ ਰਿਪੋਰਟਾਂ ਜਮ੍ਹਾਂ ਕਰਾਉਣ ਲਈ ਉਤਪਾਦਕ ਜ਼ਿੰਮੇਵਾਰ ਹੁੰਦਾ ਹੈ।**

*ਹੇਠ ਲਿਖੀ ਜਾਣਕਾਰੀ ਸਾਰੀਆਂ ਇਸਤੇਮਾਲਾਂ 'ਤੇ ਲਾਗੂ ਹੁੰਦੀ ਹੈ, ਭਾਵੇਂ ਉਹ ਉਤਪਾਦਕਾਂ (ਜਾਇਦਾਦ ਦੇ ਸੰਚਾਲਕਾਂ), ਖੇਤੀਬਾੜੀ ਕੀਟ ਨਿਯੰਤ੍ਰਣ ਕਾਰੋਬਾਰਾਂ, ਜਾਂ ਉਨ੍ਹਾਂ ਦੇ ਕਰਮਚਾਰੀਆਂ ਦੁਆਰਾ ਹੋਵੇ।*

## ਪ੍ਰਤਿਬੰਧਿਤ ਸਮੱਗਰੀਆਂ

ਕੁਝ ਕੀਟਨਾਸ਼ਕ ਦੂਜਿਆਂ ਨਾਲੋਂ ਵਧੇਰੇ ਖ਼ਤਰਨਾਕ ਹੁੰਦੇ ਹਨ, ਉਦੋਂ ਵੀ ਜਦੋਂ ਉਨ੍ਹਾਂ ਨੂੰ ਲੇਬਲ ਅਨੁਸਾਰ ਵਰਤਿਆ ਜਾਵੇ। ਕੈਲੀਫੋਰਨੀਆ ਇਨ੍ਹਾਂ ਸਮੱਗਰੀਆਂ ਦੀ ਵਰਤੋਂ ਨੂੰ ਪ੍ਰਤਿਬੰਧਿਤ ਕਰਦਾ ਹੈ। ਇਸ ਅਧਿਆਇ ਦੇ ਅੰਤ ਵਿੱਚ ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀਆਂ ਦੀ ਸੂਚੀ ਸ਼ਾਮਲ ਕੀਤੀ ਗਈ ਹੈ।

ਐਗਰੀਕਲਚਰਲ ਕਮਿਸ਼ਨਰ ਦਫ਼ਤਰ ਦੁਆਰਾ ਜਾਰੀ ਕੀਤਾ ਜਾਂਦਾ ਪ੍ਰਤਿਬੰਧਿਤ ਸਮੱਗਰੀ ਪਰਮਿਟ, ਪਰਮਿਟ 'ਤੇ ਸੂਚੀਬੱਧ ਖੇਤਾਂ ਵਿੱਚ ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀ ਨੂੰ ਇਸਤੇਮਾਲ ਕਰਨ ਦੀ ਆਗਿਆ ਦਿੰਦਾ ਹੈ। ਪਰਮਿਟ ਵਿੱਚ ਹਰੇਕ ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀ ਸੂਚੀਬੱਧ ਹੁੰਦੀ ਹੈ ਜਿਸਨੂੰ ਉਤਪਾਦਕ ਦਾ ਵਰਤਣ ਦਾ ਇਰਾਦਾ ਹੈ।

ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀਆਂ ਦੀ ਵਰਤੋਂ ਕਰਨ ਤੋਂ ਪਹਿਲਾਂ, ਉਤਪਾਦਕਾਂ ਅਤੇ ਖੇਤੀਬਾੜੀ ਕੀਟ ਨਿਯੰਤ੍ਰਣ ਕਾਰੋਬਾਰਾਂ ਨੂੰ ਇਰਾਦੇ ਦਾ ਨੋਟਿਸ (NOI ) ਜ਼ਰੂਰ ਜਮ੍ਹਾ ਕਰਵਾਉਣਾ ਚਾਹੀਦਾ ਹੈ। ਕਾਉਂਟੀ ਇੰਸਪੈਕਟਰ ਬਾਇਓਲੋਜਿਸਟ ਇਹ ਪੁਸ਼ਟੀ ਕਰਦੇ ਹਨ ਕਿ ਇਸਤੇਮਾਲ ਦੀ ਦਰ ਅਤੇ ਵਿਧੀ ਵਸਤੂ ਲਈ ਢੁਕਵੀਂ ਹੈ ਅਤੇ ਸਾਈਟ ਦਾ ਮੁਲਾਂਕਣ ਕਰਦੇ ਹਨ। ਇਸ ਸਮੀਖਿਆ ਦਾ ਮਕਸਦ ਕਾਮਿਆਂ, ਜਨਤਾ, ਵਾਤਾਵਰਣ ਅਤੇ ਆਲੇ ਦੁਆਲੇ ਦੀਆਂ ਫਸਲਾਂ ਲਈ ਸੁਰੱਖਿਆ ਦਾ ਇੱਕ ਵਾਧੂ ਮਾਰਜਿਨ ਮੁਹੱਈਆ ਕਰਨਾ ਹੈ। NOI ਨੂੰ Cal - AgPermit ਵੈੱਬ ਪੋਰਟਲ ਰਾਹੀਂ, ਫ਼ੋਨ ਰਾਹੀਂ, ਜਾਂ ਵਿਅਕਤੀਗਤ ਤੌਰ 'ਤੇ ਜਮ੍ਹਾ ਕੀਤਾ ਜਾ ਸਕਦਾ ਹੈ। ਜੇ ਤੁਹਾਡੇ ਇਰਾਦੇ ਦੇ ਨੋਟਿਸ ਲਈ ਜੋਖਮ ਨੂੰ ਘਟਾਉਣ ਦੀ ਲੋੜ ਹੈ ਜਾਂ ਇਸ ਨੂੰ ਅਸਵੀਕਾਰ ਕਰ ਦਿੱਤਾ ਜਾਂਦਾ ਹੈ ਤਾਂ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਦੁਆਰਾ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ।

ਇੱਕ ਵਾਰ ਮਨਜ਼ੂਰੀ ਮਿਲਣ ਤੋਂ ਬਾਅਦ, ਕੀਟਨਾਸ਼ਕ ਦਾ ਇਸਤੇਮਾਲ ਲਾਜ਼ਮੀ ਤੌਰ 'ਤੇ ਪ੍ਰਸਤਾਵਿਤ ਮਿਤੀ ਅਤੇ ਸਮੇਂ 'ਤੇ ਸ਼ੁਰੂ ਹੋਣਾ ਚਾਹੀਦਾ ਹੈ। ਇਰਾਦੇ ਦੇ ਨੋਟਿਸ 'ਤੇ ਦਰਸਾਈ ਗਈ ਮਿਤੀ ਤੋਂ ਚਾਰ ਦਿਨਾਂ ਦਾ ਸਮਾਂ ਸਿਰਫ਼ ਤਾਂ ਹੀ ਸਵੀਕਾਰਯੋਗ ਹੈ ਜੇ ਕੋਈ ਅਣਕਿਆਸੀ ਘਟਨਾ ਹੁੰਦੀ ਹੈ ਜੋ ਅਸਲ ਮਿਤੀ ਅਤੇ ਸਮੇਂ 'ਤੇ ਇਸਤੇਮਾਲ ਨੂੰ ਮਨ੍ਹਾਂ ਕਰਦੀ ਹੈ (ਫਿਊਮੀਗੇਸ਼ਨ ਲਈ ਇਹ ਸਿਰਫ਼ 12 ਘੰਟੇ ਦਾ ਸਮਾਂ ਹੁੰਦਾ ਹੈ)। ਜੇ ਇਸ ਸਮੇਂ ਦੇ ਅੰਦਰ ਇਸਤੇਮਾਲ ਸ਼ੁਰੂ ਨਹੀਂ ਕੀਤਾ ਜਾਂਦਾ, ਤਾਂ ਸਾਡੇ ਦਫ਼ਤਰ ਨਾਲ ਸੰਪਰਕ ਕਰਕੇ NOI ਨੂੰ ਵਧਾਇਆ ਜਾਂ ਰੱਦ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ।

ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀ ਅਤੇ ਸੰਘੀ ਪ੍ਰਤਿਬੰਧਿਤ ਸਮੱਗਰੀ ਦਾ ਇਸਤੇਮਾਲ ਕਰਨ ਲਈ ਉਤਪਾਦਕਾਂ/ਜਾਇਦਾਦ ਸੰਚਾਲਕਾਂ ਨੂੰ ਪ੍ਰਮਾਣਿਤ ਐਪਲੀਕੇਟਰ ਹੋਣਾ ਚਾਹੀਦਾ ਹੈ। ਪ੍ਰਾਈਵੇਟ ਐਪਲੀਕੇਟਰ ਸਰਟੀਫਿਕੇਟ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਦੁਆਰਾ ਜਾਰੀ ਕੀਤੇ ਜਾਂਦੇ ਹਨ।

ਜਿਵੇਂ ਕਿ ਸਾਰੇ ਕੀਟਨਾਸ਼ਕਾਂ ਦੇ ਨਾਲ ਹੁੰਦਾ ਹੈ, ਪ੍ਰਤਿਬੰਧਿਤ ਸਮੱਗਰੀਆਂ ਦੇ ਇਸਤੇਮਾਲਾਂ ਲਈ ਕੀਟਨਾਸ਼ਕ ਵਰਤੋਂ ਰਿਪੋਰਟ ਪੂਰੀ ਕਰਕੇ ਜਮ੍ਹਾ ਕਰਵਾਉਣ ਦੀ ਲੋੜ ਹੁੰਦੀ ਹੈ।

### ਪ੍ਰਮਾਣੀਕਰਣ

ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀ ਅਤੇ ਸੰਘੀ ਪ੍ਰਤਿਬੰਧਿਤ ਸਮੱਗਰੀ ਦੀ ਵਰਤੋਂ ਕਰਨ ਅਤੇ/ਜਾਂ ਆਪਣੇ ਕਰਮਚਾਰੀਆਂ ਨੂੰ ਕੀਟਨਾਸ਼ਕਾਂ ਦੀ ਸੁਰੱਖਿਅਤ ਵਰਤੋਂ ਵਿੱਚ ਸਿਖਲਾਈ ਦੇਣ ਲਈ ਉਤਪਾਦਕਾਂ ਕੋਲ ਪ੍ਰਾਈਵੇਟ ਐਪਲੀਕੇਟਰ ਸਰਟੀਫਿਕੇਟ (PAC) ਕਾਰਡ ਲਾਜ਼ਮੀ ਹੋਣਾ ਚਾਹੀਦਾ ਹੈ।

PAC ਕਾਰਡ ਉਤਪਾਦਕ ਨੂੰ ਉਤਪਾਦਕ ਦੀ ਮਲਕੀਅਤ ਵਾਲੀ, ਲੀਜ਼ 'ਤੇ ਲਈ ਗਈ ਜਾਂ ਕਿਰਾਏ 'ਤੇ ਲਈ ਗਈ ਜਾਇਦਾਦ 'ਤੇ ਪ੍ਰਤਿਬੰਧਿਤ ਸਮੱਗਰੀ ਦੀ ਵਰਤੋਂ ਕਰਨ ਦੇ ਯੋਗ ਬਣਾਉਂਦਾ ਹੈ। ਉਤਪਾਦਕ ਕਰਮਚਾਰੀਆਂ ਨੂੰ ਕੀਟਨਾਸ਼ਕਾਂ ਦੀ ਵਰਤੋਂ ਵਿੱਚ ਸਿਖਲਾਈ ਦੇਣ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਦੇ ਵੀ ਯੋਗ ਹੁੰਦਾ ਹੈ। PAC ਕਾਰਡ ਨੂੰ ਕਦੇ ਵੀ ਕਿਰਾਏ 'ਤੇ ਕੰਮ ਕਰਨ ਲਈ ਨਹੀਂ ਵਰਤਿਆ ਜਾ ਸਕਦਾ।

ਜਿਸ ਕਰਮਚਾਰੀ ਕੋਲ PAC ਕਾਰਡ ਹੈ ਉਹ ਰੁਜ਼ਗਾਰਦਾਤਾ ਦੁਆਰਾ ਨਿਯੰਤ੍ਰਿਤ ਜਾਇਦਾਦ 'ਤੇ ਪ੍ਰਤਿਬੰਧਿਤ ਸਮੱਗਰੀ ਦੀ ਵਰਤੋਂ ਕਰਨ ਦੇ ਯੋਗ ਹੁੰਦਾ ਹੈ। ਉਹ ਹੋਰ ਕਰਮਚਾਰੀਆਂ ਨੂੰ ਸਿਖਲਾਈ ਵੀ ਦੇ ਸਕਦਾ ਹੈ ਅਤੇ ਉਨ੍ਹਾਂ ਦੀ ਨਿਗਰਾਨੀ ਕਰ ਸਕਦਾ ਹੈ। ਜਿਸ ਕਰਮਚਾਰੀ ਕੋਲ PAC ਕਾਰਡ ਹੈ ਉਸ ਨੂੰ ਕੀਟਨਾਸ਼ਕ ਸਿਖਲਾਈ ਦੀਆਂ ਲੋੜਾਂ ਤੋਂ ਛੋਟ ਹੈ (ਹਾਲਾਂਕਿ, ਮਾਲਕ ਦੁਆਰਾ ਦਸਤਾਵੇਜ਼ਿਤ ਕੀਟਨਾਸ਼ਕ ਵਿਸ਼ੇਸ਼ ਸਿਖਲਾਈ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ)।

ਉਤਪਾਦਕ ਐਗਰੀਕਲਚਰਲ ਕਮਿਸ਼ਨਰ ਦਫ਼ਤਰ ਦੁਆਰਾ ਲਏ ਜਾਂਦੇ ਬਹੁ-ਚੋਣੀ ਟੈਸਟ ਨੂੰ ਪਾਸ ਕਰਕੇ PAC ਕਾਰਡ ਪ੍ਰਾਪਤ ਕਰ ਸਕਦੇ ਹਨ। ਜਾਰੀ ਕੀਤੇ ਜਾਣ 'ਤੇ, ਤਾਂ PAC ਕਾਰਡ ਦੀ ਮਿਆਦ ਹੇਠਾਂ ਦਿੱਤੇ ਵਰਣਮਾਲਾ ਸਮੂਹਾਂ ਦੇ ਅਨੁਸਾਰ ਖਤਮ ਹੋ ਜਾਂਦੀ ਹੈ:

**A-H ਤੋਂ ਸ਼ੁਰੂ ਹੋਣ ਵਾਲਾ ਆਖਰੀ ਨਾਮ:**
**ਦਸੰਬਰ 2024, 2027 ਆਦਿ ਵਿੱਚ।**

**I -Q ਤੋਂ ਸ਼ੁਰੂ ਹੋਣ ਵਾਲਾ ਆਖਰੀ ਨਾਮ:**
**ਦਸੰਬਰ 2025, 2028 ਆਦਿ ਵਿੱਚ।**

**R-Z ਤੋਂ ਸ਼ੁਰੂ ਹੋਣ ਵਾਲਾ ਆਖਰੀ ਨਾਮ:**
**ਦਸੰਬਰ 2026, 2029 ਆਦਿ ਵਿੱਚ।**

PAC ਕਾਰਡ ਨੂੰ ਦੋ ਤਰੀਕਿਆਂ ਨਾਲ ਨਵਿਆਇਆ ਜਾ ਸਕਦਾ ਹੈ:

1) ਹਰ ਤਿੰਨ ਸਾਲਾਂ ਬਾਅਦ ਦੁਬਾਰਾ PAC ਪ੍ਰੀਖਿਆ ਦੇ ਕੇ,
2) ਘੱਟੋ-ਘੱਟ (6) ਘੰਟੇ ਦੀ ਨਿਰੰਤਰ ਸਿੱਖਿਆ ਸਿਖਲਾਈ ਪ੍ਰਾਪਤ ਕਰਕੇ, ਜਿਨ੍ਹਾਂ ਵਿੱਚੋਂ (2) ਕਾਨੂੰਨਾਂ ਅਤੇ ਵਿਨਿਯਮਾਂ ਵਿੱਚ ਹਨ।

ਤਿੰਨ ਸਾਲਾਂ ਲਈ ਵੈਧ ਕਾਰਡਾਂ ਲਈ ਜਾਰੀ ਕਰਨ ਦੀ ਤਿੰਨ ਸਾਲਾਂ ਦੀ ਮਿਆਦ ਦੌਰਾਨ ਕੁੱਲ ਛੇ ਨਿਰੰਤਰ ਸਿੱਖਿਆ (CE) ਘੰਟੇ ਕਮਾਉਣ ਦੀ ਲੋੜ ਹੁੰਦੀ ਹੈ। ਛੇ CE ਘੰਟਿਆਂ ਵਿੱਚੋਂ ਦੋ ਵਿੱਚ "ਕਾਨੂੰਨ ਅਤੇ ਵਿਨਿਯਮ" ਵਿਸ਼ਿਆਂ ਨੂੰ ਕਵਰ ਕੀਤਾ ਜਾਣਾ ਚਾਹੀਦਾ ਹੈ। ਪੂਰੇ ਤਿੰਨ ਸਾਲਾਂ ਤੋਂ ਘੱਟ ਸਮੇਂ ਲਈ ਜਾਰੀ ਕੀਤੇ ਗਏ ਕਾਰਡਾਂ ਲਈ CE ਨਵੀਨੀਕਰਨ ਦੇ ਘੰਟੇ ਅਨੁਪਾਤ ਅਨੁਸਾਰ ਹੁੰਦੇ ਹਨ। ਐਗਰੀਕਲਚਰਲ ਕਮਿਸ਼ਨਰ ਦਾ ਦਫ਼ਤਰ ਸਾਲਾਨਾ ਕਾਰਡ ਨਵਿਆਉਣ ਲਈ CE ਕਲਾਸਾਂ ਦੀ ਪੇਸ਼ਕਸ਼ ਕਰਦਾ ਹੈ। ਜੇ ਆਪਣੇ ਕਾਰਡ ਨੂੰ ਨਵਿਆਉਣ ਕਰਨ ਲਈ ਘੰਟਿਆਂ ਦੀ ਵਰਤੋਂ ਕਰ ਰਹੇ ਹੋ, ਤਾਂ ਕਾਰਡ ਨੂੰ ਮਿਆਦ ਸਮਾਪਤ ਹੋਣ ਵਾਲੇ ਸਾਲ ਤੋਂ ਅਗਲੇ ਸਾਲ ਦੀ 1 ਅਪ੍ਰੈਲ ਤੋਂ ਪਹਿਲਾਂ ਨਵਿਆਉਣਾ ਲਾਜ਼ਮੀ ਹੈ। ਜਿਹੜੇ ਕਾਰਡਧਾਰਕ 1 ਅਪ੍ਰੈਲ ਦੀ ਆਖਰੀ ਮਿਤੀ ਖੁੰਝਾ ਦਿੰਦੇ ਹਨ, ਉਨ੍ਹਾਂ ਨੂੰ ਨਵਿਆਉਣ ਲਈ ਦੁਬਾਰਾ ਪ੍ਰੀਖਿਆ ਦੇਣੀ ਪਵੇਗੀ।

**ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀ** ਦੀ ਵਰਤੋਂ ਕਰਨ ਤੋਂ ਪਹਿਲਾਂ, ਉਤਪਾਦਕਾਂ ਨੂੰ ਇਰਾਦੇ ਦਾ ਨੋਟਿਸ (NOI ) ਜ਼ਰੂਰ ਜਮ੍ਹਾ ਕਰਵਾਉਣਾ ਚਾਹੀਦਾ ਹੈ।

ਪ੍ਰਤਿਬੰਧਿਤ ਸਮੱਗਰੀ ਦੀ ਵਰਤੋਂ ਕਰਨ ਅਤੇ/ਜਾਂ ਆਪਣੇ ਕਰਮਚਾਰੀਆਂ ਨੂੰ ਕੀਟਨਾਸ਼ਕਾਂ ਦੀ ਸੁਰੱਖਿਅਤ ਵਰਤੋਂ ਵਿੱਚ ਸਿਖਲਾਈ ਦੇਣ ਲਈ ਉਤਪਾਦਕਾਂ ਕੋਲ ਪ੍ਰਾਈਵੇਟ ਐਪਲੀਕੇਟਰ ਸਰਟੀਫਿਕੇਟ (PAC) ਲਾਜ਼ਮੀ ਹੋਣਾ ਚਾਹੀਦਾ ਹੈ।

### ਅਧਿਕਾਰ ਦੇ ਪੱਤਰ

ਪ੍ਰਤਿਬੰਧਿਤ ਸਮੱਗਰੀ ਦੀ ਵਰਤੋਂ ਲਈ ਪਰਮਿਟ ਉਸ ਜਾਇਦਾਦ(ਜਾਇਦਾਦਾਂ) ਦੇ ਸੰਚਾਲਕ ਦੇ ਨਾਮ 'ਤੇ ਜਾਰੀ ਕੀਤੇ ਜਾਂਦੇ ਹਨ ਜਿਸ ਦਾ ਇਲਾਜ ਕੀਤਾ ਜਾਣਾ ਹੈ। ਪਰਮਿਟ ਪ੍ਰਾਪਤਕਰਤਾ (ਉਤਪਾਦਕ) ਜਾਂ, ਜਦੋਂ ਕਮਿਸ਼ਨਰ ਦੁਆਰਾ ਆਗਿਆ ਦਿੱਤੀ ਜਾਂਦੀ ਹੈ, ਪਰਮਿਟ ਪ੍ਰਾਪਤਕਰਤਾ ਦੇ ਅਧਿਕਾਰਤ ਪ੍ਰਤਿਨਿਧੀ, ਨੂੰ ਪਰਮਿਟ 'ਤੇ ਦਸਤਖ਼ਤ ਕਰਨੇ ਚਾਹੀਦੇ ਹਨ। ਅਧਿਕਾਰਤ ਪ੍ਰਤਿਨਿਧੀ ਨੂੰ ਕਮਿਸ਼ਨਰ ਨੂੰ ਲਿਖਤੀ ਦਸਤਾਵੇਜ਼ ਮੁਹੱਈਆ ਕਰਨੇ ਚਾਹੀਦੇ ਹਨ ਜੋ ਪ੍ਰਤਿਨਿਧੀ ਨੂੰ ਉਤਪਾਦਕ ਦੀ ਤਰਫ਼ੋਂ ਕੰਮ ਕਰਨ ਦੀ ਆਗਿਆ ਦਿੰਦੇ ਹਨ (3CCR 6420 a,b,c)। ਜੇ ਬੇਨਤੀਕਰਤਾ ਜਾਇਦਾਦ ਦਾ ਮਾਲਕ ਨਹੀਂ ਹੈ ਤਾਂ ਲੀਜ਼ ਸਮਝੌਤੇ ਦੀ ਥਾਂ 'ਤੇ ਅਧਿਕਾਰ ਦੇ ਪੱਤਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਹ ਫਾਰਮ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਤੋਂ ਉਪਲਬਧ ਹੈ।

### ਪਰਮਿਟ ਦੀਆਂ ਲੋੜਾਂ

ਪ੍ਰਤਿਬੰਧਿਤ ਸਮੱਗਰੀ ਪਰਮਿਟਾਂ ਵਿੱਚ ਹੇਠ ਦਿੱਤੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

- ਪਰਮਿਟ ਪ੍ਰਾਪਤਕਰਤਾ ਦਾ ਨਾਮ ਅਤੇ ਕਾਰੋਬਾਰੀ ਪਤਾ ਅਤੇ ਜਾਂ ਤਾਂ ਪਰਮਿਟ ਪ੍ਰਾਪਤਕਰਤਾ, ਜਾਂ ਕਮਿਸ਼ਨਰ ਦੁਆਰਾ ਆਗਿਆ ਦਿੱਤੇ ਜਾਣ 'ਤੇ, ਪਰਮਿਟ ਪ੍ਰਾਪਤਕਰਤਾ ਦੇ ਅਧਿਕਾਰਤ ਪ੍ਰਤਿਨਿਧੀ ਦੇ ਦਸਤਖ਼ਤ;
- ਹਰੇਕ ਜਾਇਦਾਦ ਦਾ ਟਿਕਾਣਾ ਜਿਸ ਦਾ ਇਲਾਜ ਕੀਤਾ ਜਾਣਾ ਹੈ;
- ਸਾਰੇ ਗਿਆਤ ਖੇਤਰਾਂ ਦੀ ਪਛਾਣ ਜਿਨ੍ਹਾਂ 'ਤੇ ਪ੍ਰਤਿਬੰਧਿਤ ਸਮੱਗਰੀ(ਆਂ) ਦੀ ਵਰਤੋਂ ਦਾ ਪ੍ਰਤੀਕੂਲ ਅਸਰ ਹੋ ਸਕਦਾ ਹੈ, ਜਿਨ੍ਹਾਂ ਵਿੱਚ ਹਸਪਤਾਲ, ਸਕੂਲ, ਖੇਡ ਦੇ ਮੈਦਾਨ, ਰਿਹਾਇਸ਼ੀ ਖੇਤਰ (ਲੇਬਰ ਕੈਂਪਾਂ ਸਮੇਤ), ਪਾਰਕ, ਝੀਲਾਂ, ਜਲ ਮਾਰਗ, ਨਦੀਆਂ ਅਤੇ ਜਲ ਭੰਡਾਰ, ਰਾਜ ਜੰਗਲੀ ਜੀਵ ਪ੍ਰਬੰਧਨ ਖੇਤਰ, ਦੁਰਲੱਭ ਸੰਕਟਗ੍ਰਸਤ ਜਾਂ ਖ਼ਤਰੇ ਵਿੱਚ ਪ੍ਰਜਾਤੀਆਂ ਦੇ ਨਾਜ਼ੁਕ ਨਿਵਾਸ ਸਥਾਨ, ਪਸ਼ੂ ਅਤੇ ਫਸਲਾਂ ਸ਼ਾਮਲ ਹਨ। ਅਜਿਹੇ ਖੇਤਰਾਂ ਨੂੰ ਨਿਰਧਾਰਤ ਕਰਨ ਲਈ ਨਕਸ਼ਾ ਜਾਂ ਹਵਾਈ ਫ਼ੋਟੋ ਦੀ ਵਰਤੋਂ ਕੀਤੀ ਜਾ ਸਕਦੀ ਹੈ;
- ਹਰੇਕ ਵਸਤੂ ਜਾਂ ਫਸਲ ਦੀ ਪਛਾਣ, ਜਾਂ ਜੇ ਕੋਈ ਵਸਤੂ ਜਾਂ ਫਸਲ ਨਹੀਂ ਹੈ, ਤਾਂ ਇਲਾਜ ਕੀਤੀ ਜਾਣ ਵਾਲੀ ਜਗ੍ਹਾ;
- ਹਰੇਕ ਫਸਲ ਲਈ ਅਨੁਮਾਨਤ ਕੀਟ ਸਮੱਸਿਆ(ਵਾਂ) (ਕੀਟ ਜਿਸ(ਜਿਨ੍ਹਾਂ) ਨੂੰ ਕੰਟ੍ਰੋਲ ਕੀਤਾ ਜਾਣਾ ਹੈ);
- ਹਰੇਕ ਵਸਤੂ, ਫਸਲ, ਜਾਂ ਸਾਈਟ 'ਤੇ ਹਰੇਕ ਕੀਟ ਨੂੰ ਕੰਟ੍ਰੋਲ ਕਰਨ ਲਈ ਜ਼ਰੂਰੀ ਪਰਮਿਟ ਦੀ ਲੋੜ ਵਾਲੀ(ਆਂ) ਪ੍ਰਤਿਬੰਧਿਤ ਸਮੱਗਰੀ(ਆਂ);
- ਪ੍ਰਤਿਬੰਧਿਤ ਸਮੱਗਰੀ ਦੇ ਇਸਰਾਦਤਨ ਇਸਤੇਮਾਲ(ਇਸਤੇਮਾਲਾਂ) ਦੀ(ਆਂ) ਅਨੁਮਾਨਤ ਮਿਤੀ(ਆਂ) ਜਾਂ ਫਸਲ ਦਾ(ਦੇ) ਪੜਾਅ;
- ਇਸਤੇਮਾਲ ਕਰਨ ਦਾ ਅਨੁਮਾਨਤ ਤਰੀਕਾ ਜਿਸ ਵਿੱਚ ਪਤਲਾ ਕਰਨਾ, ਪ੍ਰਤੀ ਏਕੜ ਮਾਤਰਾ ਜਾਂ ਹੋਰ ਇਕਾਈਆਂ, ਅਤੇ ਖੁਰਾਕ ਸ਼ਾਮਲ ਹੈ;
- ਪ੍ਰਤਿਬੰਧਿਤ ਸਮੱਗਰੀ(ਆਂ) ਦੇ ਕਬਜ਼ੇ ਜਾਂ ਵਰਤੋਂ ਦੀ ਨਿਗਰਾਨੀ ਲਈ ਜ਼ਿੰਮੇਵਾਰ ਪ੍ਰਮਾਣਿਤ ਨਿੱਜੀ ਜਾਂ ਪ੍ਰਮਾਣਿਤ ਵਪਾਰਕ ਐਪਲੀਕੇਟਰ ਦਾ ਨਾਮ, ਕਾਰੋਬਾਰੀ ਪਤਾ, ਅਤੇ ਮਿਆਦ ਸਮਾਪਤ ਹੋਣ ਦੀ ਮਿਤੀ ਦੇ ਨਾਲ ਲਾਇਸੈਂਸ ਜਾਂ ਸਰਟੀਫਿਕੇਟ ਨੰਬਰ। ਕੀਟ ਨਿਯੰਤ੍ਰਣ ਕਾਰੋਬਾਰ, ਕੀਟ ਨਿਯੰਤ੍ਰਣ ਸਲਾਹਕਾਰ, ਅਤੇ/ਜਾਂ ਡੀਲਰ ਨੂੰ ਵੀ ਸੰਪਰਕ ਵਜੋਂ ਸ਼ਾਮਲ ਕੀਤਾ ਜਾ ਸਕਦਾ ਹੈ ਜਦੋਂ ਉਤਪਾਦਕ ਉਨ੍ਹਾਂ ਨੂੰ PURs ਦੇਖਣ ਜਾਂ ਜਮ੍ਹਾਂ ਕਰਨ ਲਈ Cal-AgPermits ਰਾਹੀਂ ਪਹੁੰਚ ਦੀ ਆਗਿਆ ਦਿੰਦਾ ਹੈ।

## ਗੈਰ-ਪ੍ਰਤਿਬੰਧਿਤ ਸਮੱਗਰੀਆਂ

ਉਤਪਾਦਨ ਅਤੇ ਗੈਰ-ਉਤਪਾਦਨ ਖੇਤੀਬਾੜੀ ਇਸਤੇਮਾਲਾਂ ਲਈ ਗੈਰ-ਪ੍ਰਤਿਬੰਧਿਤ ਸਮੱਗਰੀਆਂ ਦੀ ਵਰਤੋਂ ਲਈ ਪ੍ਰਤਿਬੰਧਿਤ ਸਮੱਗਰੀ ਪਰਮਿਟ ਦੀ ਲੋੜ ਨਹੀਂ ਹੈ, ਪਰ ਇਸ ਲਈ ਇੱਕ ਆਪਰੇਟਰ ਪਛਾਣ ਨੰਬਰ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ।

ਗੈਰ-ਪ੍ਰਤਿਬੰਧਿਤ ਸਮੱਗਰੀ ਇਸਤੇਮਾਲ ਕਰਨ ਲਈ ਉਤਪਾਦਕਾਂ ਨੂੰ ਪ੍ਰਮਾਣਿਤ ਐਪਲੀਕੇਟਰ ਹੋਣ ਦੀ ਲੋੜ ਨਹੀਂ ਹੈ।

ਗੰਧਕ ਸਮੇਤ ਗੈਰ-ਪ੍ਰਤਿਬੰਧਿਤ ਸਮੱਗਰੀਆਂ ਦੇ ਸਾਰੇ ਇਸਤੇਮਾਲਾਂ ਲਈ, ਕੀਟਨਾਸ਼ਕ ਵਰਤੋਂ ਰਿਪੋਰਟ ਨੂੰ ਪੂਰਾ ਕਰਕੇ ਜਮ੍ਹਾ ਕਰਨਾ ਲਾਜ਼ਮੀ ਹੈ।

### ਆਪਰੇਟਰ ਪਛਾਣ ਨੰਬਰ

ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਦੁਆਰਾ ਜਾਰੀ ਕੀਤਾ ਗਿਆ ਆਪਰੇਟਰ ਪਛਾਣ ਨੰਬਰ, ਪਰਮਿਟ 'ਤੇ ਸੂਚੀਬੱਧ ਖੇਤਾਂ ਵਿੱਚ ਗੈਰ-ਪ੍ਰਤਿਬੰਧਿਤ ਸਮੱਗਰੀ ਦਾ ਇਸਤੇਮਾਲ ਕਰਨ ਦੀ ਆਗਿਆ ਦਿੰਦਾ ਹੈ। ਜੇ ਤੁਹਾਡੇ ਕੋਲ ਪ੍ਰਤਿਬੰਧਿਤ ਸਮੱਗਰੀ ਪਰਮਿਟ ਹੈ, ਤਾਂ ਇਹ ਤੁਹਾਡੇ ਆਪਰੇਟਰ ਪਛਾਣ ਨੰਬਰ ਵਜੋਂ ਵੀ ਕੰਮ ਕਰਦਾ ਹੈ।

ਕਿਸੇ ਖੇਤੀਬਾੜੀ ਵਸਤੂ ਦੇ ਉਤਪਾਦਨ ਅਤੇ ਗੈਰ-ਉਤਪਾਦਨ ਲਈ ਕੀਟਨਾਸ਼ਕਾਂ ਦੀ ਖਰੀਦ ਅਤੇ ਵਰਤੋਂ ਤੋਂ ਪਹਿਲਾਂ, ਜਾਇਦਾਦ ਦੇ ਸੰਚਾਲਕ (ਜਾਂ ਸੰਚਾਲਕ ਦੇ ਅਧਿਕਾਰਤ ਪ੍ਰਤਿਨਿਧੀ) ਨੂੰ ਉਸ ਹਰੇਕ ਕਾਉਂਟੀ ਲਈ ਜਿੱਥੇ ਕੀਟ ਨਿਯੰਤ੍ਰਣ ਦਾ ਕੰਮ ਕੀਤਾ ਜਾਵੇਗਾ, ਕਮਿਸ਼ਨਰ ਤੋਂ ਇੱਕ ਆਪਰੇਟਰ ਪਛਾਣ ਨੰਬਰ ਜ਼ਰੂਰ ਪ੍ਰਾਪਤ ਕਰਨਾ ਚਾਹੀਦਾ ਹੈ। ਸੰਚਾਲਕ (ਉਤਪਾਦਕ) ਨੂੰ ਉਸਦੀ ਜਾਇਦਾਦ 'ਤੇ ਕੀਟਨਾਸ਼ਕ ਇਸਤੇਮਾਲ ਕਰਨ ਵਾਲੇ ਹਰੇਕ ਕੀਟ ਨਿਯੰਤ੍ਰਣ ਕਾਰੋਬਾਰ ਨੂੰ ਆਪਣਾ ਆਪਰੇਟਰ ਪਛਾਣ ਨੰਬਰ ਲਾਜ਼ਮੀ ਮੁਹੱਈਆ ਕਰਨਾ ਚਾਹੀਦਾ ਹੈ।

ਉਤਪਾਦਕਾਂ ਨੂੰ **ਪ੍ਰਤਿਬੰਧਿਤ ਸਮੱਗਰੀ ਪਰਮਿਟ/ ਆਪਰੇਟਰ ਪਛਾਣ ਨੰਬਰ ਦੀ ਕਾਪੀ ਦੋ ਸਾਲਾਂ ਲਈ ਆਪਣੇ ਕੋਲ** ਰੱਖਣੀ ਚਾਹੀਦੀ ਹੈ ਅਤੇ ਬੇਨਤੀ ਕਰਨ 'ਤੇ ਡਾਇਰੈਕਟਰ ਜਾਂ ਕਮਿਸ਼ਨਰ ਨੂੰ ਤੁਰੰਤ ਪਰਮਿਟ ਉਪਲਬਧ ਕਰਵਾਉਣਾ ਚਾਹੀਦਾ ਹੈ।

## ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀਆਂ ਦੀ ਸੂਚੀ

ਹੇਠਾਂ ਸੂਚੀਬੱਧ ਕਿਰਿਆਸ਼ੀਲ ਤੱਤਾਂ ਵਾਲੇ ਕੀਟਨਾਸ਼ਕ ਕੈਲੀਫੋਰਨੀਆ ਵਿੱਚ ਪ੍ਰਤਿਬੰਧਿਤ ਸਮੱਗਰੀਆਂ ਹਨ। ਇਹ ਦੇਖਣ ਲਈ ਕਿ ਕੀ ਕੈਲੀਫੋਰਨੀਆ ਦੇ ਹੋਰ ਪ੍ਰਤਿਬੰਧ ਲਾਗੂ ਹੁੰਦੇ ਹਨ, ਕੀਟਨਾਸ਼ਕ ਦੇ ਲੇਬਲ 'ਤੇ ਕਿਰਿਆਸ਼ੀਲ ਤੱਤਾਂ ਦੀ ਜਾਂਚ ਕਰੋ। ਵਪਾਰਕ ਨਾਮ ਬ੍ਰੈਕਟਾਂ ਵਿੱਚ ਸ਼ਾਮਲ ਕੀਤੇ ਗਏ ਹਨ ਕਿਉਂਕਿ ਜ਼ਿਆਦਾਤਰ ਉਤਪਾਦ ਇਨ੍ਹਾਂ ਨਾਮਾਂ ਨਾਲ ਵੇਚੇ ਜਾਂਦੇ ਹਨ। ਸੂਚੀਬੱਧ ਨਾ ਕੀਤੇ ਗਏ ਹੋਰ ਵਪਾਰਕ ਨਾਮ ਜਿਨ੍ਹਾਂ ਵਿੱਚ ਹੇਠਾਂ ਸੂਚੀਬੱਧ ਕਿਰਿਆਸ਼ੀਲ ਤੱਤ ਸ਼ਾਮਲ ਹਨ, ਸਮਾਨ ਪਰਮਿਟ ਲੋੜਾਂ ਦੇ ਅਧੀਨ ਹਨ। ਸੂਚੀ ਬਦਲ ਸਕਦੀ ਹੈ।

ਉਤਪਾਦਕਾਂ ਨੂੰ **ਪ੍ਰਤਿਬੰਧਿਤ ਸਮੱਗਰੀ ਪਰਮਿਟ/ਆਪਰੇਟਰ ਪਛਾਣ ਨੰਬਰ ਦੀ ਕਾਪੀ ਦੋ ਸਾਲਾਂ ਲਈ ਆਪਣੇ ਕੋਲ ਰੱਖਣੀ** ਚਾਹੀਦੀ ਹੈ ਅਤੇ ਬੇਨਤੀ ਕਰਨ 'ਤੇ ਡਾਇਰੈਕਟਰ ਜਾਂ ਕਮਿਸ਼ਨਰ ਨੂੰ ਤੁਰੰਤ ਪਰਮਿਟ ਉਪਲਬਧ ਕਰਵਾਉਣਾ ਚਾਹੀਦਾ ਹੈ।

**ਐਕਰੋਲੀਨ,** ਜਦੋਂ ਇਸਨੂੰ ਜਲ ਨਦੀਣਨਾਸ਼ਕ

**ਐਲਡੀਕਾਰਬ** (Temik) – ਗੈਰ-ਰਜਿਸਟਰਡ

**ਸਾਰੀਆਂ ਧੂੜਾਂ** (ਗੰਧਕ, ਚੂਨਾ ਅਤੇ ਕੁਝ ਤਾਂਬੇ ਨੂੰ ਛੱਡ ਕੇ

**ਸਾਰੀਆਂ ਸੈਕਸ਼ਨ 18 ਸਮੱਗਰੀਆਂ** (ਐਮਰਜੈਂਸੀ ਛੋਟ)

ਕੋਈ ਵੀ ਕੀਟਨਾਸ਼ਕ ਜਿਸ ਵਿੱਚ ਸੈਕਸ਼ਨ 6800 (a) ਦੇ ਤਹਿਤ ਸੂਚੀਬੱਧ ਕਿਰਿਆਸ਼ੀਲ ਤੱਤ ਸ਼ਾਮਲ ਹਨ, ਜਦੋਂ ਖੇਤੀਬਾੜੀ, ਬਾਹਰੀ ਸੰਸਥਾਗਤ ਜਾਂ ਬਾਹਰੀ ਉਦਯੋਗਿਕ ਵਰਤੋਂ ਲਈ ਲੇਬਲ ਕੀਤਾ ਜਾਂਦਾ ਹੈ। (1)

**ਐਲੂਮੀਨੀਅਮ ਫੋਸਫਾਈਡ** (Phostoxin)

**4-ਐਮੀਨੋ ਪਾਇਰੀਡਾਈਨ** (Avitrol)

ਅਜ਼ਿਨਫੋਸ-ਮਿਥਾਈਲ (Guthion) - ਗੈਰ-ਰਜਿਸਟਰਡ

**ਬ੍ਰੋਡੀਫੈਕੌਮ**

**ਬ੍ਰੋਮਾਡੀਓਲੋਨ**

**ਕੈਲਸ਼ੀਅਮ ਸਾਇਨਾਈਡ** - ਗੈਰ-ਰਜਿਸਟਰਡ

**ਕਾਰਬੇਰਿਲ** (Sevin)

**ਕਾਰਬੋਫੁਰਾਨ** (Furadon) - ਗੈਰ-ਰਜਿਸਟਰਡ

**ਕਲੋਰੋਪਿਕਰੀਨ**

**ਕਲੋਰਪਾਈਰੀਫੋਸ** (ਇਸਤੇਮਾਲ ਪ੍ਰਤਿਬੰਧ ਲਾਗੂ ਹੁੰਦੇ ਹਨ)

**ਡਾਜ਼ੋਮੇਟ** (Basamid)

**ਡਿਫੇਨਾਕੌਮ**

**ਡਿਫੇਥਿਆਲੋਨ**

**ਡਿਗਲਾਈਕੋਲਾਮਾਈਨ** 3,6--ਡਾਈਕਲੋਰੋ-ਓ-ਐਨਿਸਿਕ ਐਸਿਡ ਦਾ ਸਾਲਟ (Dicamba)

**ਡਿਸਲਫੋਟਨ** (Di-Syston) - ਗੈਰ-ਰਜਿਸਟਰਡ

3-**ਕਲੋਰੋ-P-ਟੋਲੂਇਡੀਨ ਹਾਈਡ੍ਰੋਕਲੋਰਾਈਡ** (Starlicide)

**ਐਂਡੋਸੁਲਫੈਨ** (Thiodon)* ਵਜੋਂ ਲੇਬਲ ਕੀਤਾ ਜਾਂਦਾ ਹੈ

**ਈਥੋਪ੍ਰੋਪ** (Mocap) ਜਦੋਂ ਟਰਫ ਦੀ ਵਰਤੋਂ ਲਈ ਲੇਬਲ ਕੀਤਾ ਜਾਂਦਾ ਹੈ

**ਲਿੰਡੇਨ** - ਗੈਰ-ਰਜਿਸਟਰਡ

**2-ਮਿਥਾਈਲ-4-ਕਲੋਰੋਫੇਨੋਕਸਾਈਐਸੀਟਿਕ ਐਸਿਡ MCPA***

**ਮੈਗਨੀਸ਼ੀਅਮ ਫੋਸਫਾਈਡ**

**ਮੀਟਮ ਸੋਡੀਅਮ**

**ਮੇਥਾਮੀਡੋਫੋਸ** (Monitor) - ਗੈਰ-ਰਜਿਸਟਰਡ

**ਮੈਥੀਡਾਥਿਓਨ** (Supracide)

**ਮੈਥੋਮਾਈਲ** (Lannate)

**ਮਿਥਾਈਲ ਬ੍ਰੋਮਾਈਡ**

**ਮਿਥਾਈਲ ਆਈਸੋਥੀਓਸਾਈਨੇਟ** (MITC)

**ਮੇਵਿਨਫੋਸ** (Phosdrin) - ਗੈਰ-ਰਜਿਸਟਰਡ

**ਮੋਲੀਨੇਟ** (Ordram) - ਗੈਰ-ਰਜਿਸਟਰਡ

**ਆਕਸੀਡੇਮੇਟਨ-ਮਿਥਾਈਲ** (Metosystox-R)

**ਪੈਰਾਕੁਆਟ** (Gramoxone, Firestorm)

**ਪੈਰਾਥੀਓਨ-ਮਿਥਾਈਲ** (Penncap-M) - ਗੈਰ-ਰਜਿਸਟਰਡ

**ਫੋਰੇਟ** (Thimet)

**ਫਾਸਫਾਈਨ ਗੈਸ**

**ਪੋਟਾਸ਼ੀਅਮ N-ਮਿਥਾਈਲਡੀਥੀਓਕਾਰਬਾਮੇਟ**

**ਪ੍ਰੋਪੈਨਿਲ**

**ਸੋਡੀਅਮ ਸਾਇਨਾਈਡ**

**ਸੋਡੀਅਮ ਫਲੋਰਾਸੀਟੇਟ** (ਕੰਪਾਉਂਡ 1080) - ਗੈਰ-ਰਜਿਸਟਰਡ

ਪ੍ਰਤਿਬੰਧਿਤ ਸਮੱਗਰੀ ਪਰਮਿਟ ਵਿੱਚ ਖਾਸ ਸਰਗਰਮ ਸਮੱਗਰੀਆਂ ਲਈ **ਵਾਧੂ ਸ਼ਰਤਾਂ** ਸ਼ਾਮਲ ਹੋ ਸਕਦੀਆਂ ਹਨ। ਇਹ ਦੇਖਣ ਲਈ ਕਿ ਕੀ ਤੁਹਾਡੇ ਇਸਤੇਮਾਲਾਂ 'ਤੇ ਕੋਈ ਵਾਧੂ ਸ਼ਰਤਾਂ ਲਾਗੂ ਹੋ ਸਕਦੀਆਂ ਹਨ, ਆਪਣੇ ਪ੍ਰਤਿਬੰਧਿਤ ਸਮੱਗਰੀ ਪਰਮਿਟ ਦੀ ਸਮੀਖਿਆ ਕਰੋ।

**ਸੋਡੀਅਮ ਟੈਟਰਾਥੀਓਕਾਰਬੋਨੇਟ** (Enzone) - ਗੈਰ-ਰਜਿਸਟਰਡ

**ਸਟ੍ਰਾਈਕਨਾਈਨ***

**ਫੇਨਾਮੀਫੋਸ** (Nemacur) - ਗੈਰ-ਰਜਿਸਟਰਡ

**ਸਲਫੋਟੇਪ**— ਗੈਰ-ਰਜਿਸਟਰਡ

**ਸਲਫਿਊਰਾਈਲ ਫਲੋਰਾਈਡ** (ProFume)

**1,3-ਡਾਈਕਲੋਰੋਪ੍ਰੋਪੀਨ** (Telone II)

**ਥਿਓਬੇਨਕਾਰਬ** (Bolero)

**ਟ੍ਰਿਬਿਊਫੋਸ** (Def, Folex)

**ਟ੍ਰਿਬਿਊਟਿਲਟਿਨ** ਜਦੋਂ ਜਲ-ਵਾਤਾਵਰਣ ਵਿੱਚ ਅਣਚਾਹੇ ਜੀਵਾਂ ਲਈ ਲੇਬਲ ਕੀਤਾ ਜਾਂਦਾ ਹੈ

**2,4-ਡਾਈਕਲੋਰੋਫੇਨੋਕਸਾਈਐਸੀਟਿਕ ਐਸਿਡ** (2,4-D)*

**2,4-ਡਾਈਕਲੋਰੋਫੇਨੋਕਸੀਬਿਊਟੀਰਿਕ ਐਸਿਡ** (2,4-DB)*

**2,4-ਡਾਈਕਲੋਰੋਫੇਨੋਕਸਾਈਪ੍ਰੋਪੀਓਨਿਕ ਐਸਿਡ** (2,4-DP)*

**ਜ਼ਿੰਕ ਫੋਸਫਾਈਡ***

**(1) ਪਰਮਿਟ ਦੀਆਂ ਲੋੜਾਂ ਤੋਂ ਛੋਟਾਂ**
ਭੂਮੀਗਤ ਪਾਣੀ ਸੁਰੱਖਿਆ ਖੇਤਰ ਤੋਂ ਬਾਹਰ ਹੇਠ ਲਿਖੇ 6800 (a) ਉਤਪਾਦਾਂ ਦੀ ਵਰਤੋਂ ਕਰਨ ਵਾਲੇ ਪ੍ਰਮਾਣਿਤ ਐਪਲੀਕੇਟਰਾਂ ਲਈ ਕਿਸੇ ਪਰਮਿਟ ਦੀ ਲੋੜ ਨਹੀਂ ਹੈ: ਐਟ੍ਰਾਜ਼ੀਨ, ਬੈਂਟਾਜ਼ੋਨ, ਬ੍ਰੋਮਾਸਿਲ, ਡਾਇਯੂਰੋਨ, ਨੋਰਫਲੂਰਾਜ਼ੋਨ, ਪ੍ਰੋਮੇਟਨ ਅਤੇ ਸਿਮਾਜ਼ੀਨ।

## ਪਰਮਿਟ ਦੀਆਂ ਸ਼ਰਤਾਂ

ਪ੍ਰਤਿਬੰਧਿਤ ਸਮੱਗਰੀ ਪਰਮਿਟ ਵਿੱਚ ਅਕਸਰ ਖਾਸ ਸਰਗਰਮ ਤੱਤਾਂ ਲਈ ਵਾਧੂ ਸ਼ਰਤਾਂ ਜੁੜੀਆਂ ਹੁੰਦੀਆਂ ਹਨ, ਜਿਸ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ: ਐਲੂਮੀਨੀਅਮ ਫੋਸਫਾਈਡ, 2,4-D, ਜਾਂ 1,3-ਡਾਈਕਲੋਰੋਪ੍ਰੋਪੀਨ।

ਉਦਾਹਰਨ ਲਈ, San Joaquin ਕਾਉਂਟੀ ਵਿੱਚ 16 ਮਾਰਚ ਤੋਂ 15 ਅਕਤੂਬਰ ਤੱਕ 8 ਮੀਲ ਰੋਡ ਦੇ ਉੱਤਰ ਵਿੱਚ ਡਿਕੈਂਬਾ ਅਤੇ ਫੀਨੋਂਕਸੀ ਨਦੀਣਨਾਸ਼ਕ (ਸਰਗਰਮ ਸਮੱਗਰੀ 2,4-D) ਲਈ ਸ਼ਰਤ QL ਲਾਗੂ ਨਹੀਂ ਕੀਤੀ ਜਾ ਸਕਦੀ। ਜੇ ਹਵਾ 10 ਮੀਲ ਪ੍ਰਤੀ ਘੰਟਾ ਤੋਂ ਵੱਧ ਹੋਵੇ ਤਾਂ ਇਸਨੂੰ ਕਾਉਂਟੀ ਵਿੱਚ ਕਿਤੇ ਵੀ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਇਹ ਦੇਖਣ ਲਈ ਕਿ ਕੀ ਤੁਹਾਡੇ ਇਸਤੇਮਾਲ 'ਤੇ ਕੋਈ ਵਾਧੂ ਸ਼ਰਤਾਂ ਲਾਗੂ ਹੋ ਸਕਦੀਆਂ ਹਨ, ਆਪਣੇ ਪ੍ਰਤਿਬੰਧਿਤ ਸਮੱਗਰੀ ਪਰਮਿਟ ਦੀ ਸਮੀਖਿਆ ਕਰੋ।

## ਇਸਤੇਮਾਲ ਕਰਨ ਬਾਰੇ ਜਾਂਚ-ਸੂਚੀ

ਕੀਟਨਾਸ਼ਕਾਂ ਦੀ ਵਰਤੋਂ ਨੂੰ ਸੇਧ ਦੇਣ ਵਾਲੇ ਵਿਨਿਯਮਾਂ ਦਾ ਢਾਂਚਾ ਗੁੰਝਲਦਾਰ ਹੈ ਪਰ ਟੀਚਾ ਸਿੱਧਾ ਹੈ:
ਗਲਤੀ ਨਾਲ ਸੰਪਰਕ ਤੋਂ ਬਚੋ।

**ਹਰੇਕ ਸਮੱਗਰੀ ਲਈ ਲੇਬਲ ਪੜ੍ਹੋ ਅਤੇ ਇਹ ਪਤਾ ਲਗਾਓ:**

- Signal word: indicating the level of immediate ਸੰਕੇਤ ਦੇਣ ਵਾਲਾ ਸ਼ਬਦ: ਮਨੁੱਖਾਂ ਲਈ ਤੁਰੰਤ ਜ਼ਹਿਰੀਲੇਪਣ ਦੇ ਪੱਧਰ ਨੂੰ ਦਰਸਾਉਂਦਾ ਹੈ;
- DANGER>WARNING>CAUTION, ਜ਼ਹਿਰੀਲੇਪਣ ਦੇ ਘਟਦੇ ਕ੍ਰਮ ਵਿੱਚ;
- ਮਨੁੱਖਾਂ ਲਈ ਖ਼ਤਰੇ, ਜਿਸ ਵਿੱਚ ਸੰਪਰਕ ਦੇ ਲੱਛਣ ਸ਼ਾਮਲ ਹਨ;
- ਪਹਿਨੇ ਜਾਣ ਵਾਲੇ ਨਿੱਜੀ ਸੁਰੱਖਿਆ ਉਪਕਰਨ (PPE);
- ਵਾਤਾਵਰਣ ਲਈ ਖ਼ਤਰੇ, ਜਿਸ ਵਿੱਚ ਮਧੂ-ਮੱਖੀਆਂ ਲਈ ਜ਼ਹਿਰੀਲਾਪਣ, ਹਵਾ ਦੇ ਵਹਾਅ ਸੰਬੰਧੀ ਚਿੰਤਾਵਾਂ, ਅਤੇ ਭੂਮੀਗਤ ਪਾਣੀ ਦੀ ਸੁਰੱਖਿਆ ਸ਼ਾਮਲ ਹੈ;
- ਲੇਬਲ ਦੁਆਰਾ ਆਗਿਆ ਦਿੱਤੀ ਗਈ ਫ਼ਸਲ, ਦਰ, ਅਤੇ ਪਤਲਾ ਕਰਨਾ;
- ਖੇਤ ਵਿੱਚ ਪੋਸਟਰ ਲਗਾਉਣ ਦੀ ਲੋੜ;
- ਪ੍ਰਤਿਬੰਧਿਤ ਦਾਖਲਾ ਅੰਤਰਾਲ (REI) ਅਤੇ ਵਾਢੀ ਤੋਂ ਪਹਿਲਾਂ ਦੇ ਅੰਤਰਾਲ ਦੀ ਲੰਬਾਈ।

**ਇਸਤੇਮਾਲ ਦੀ ਯੋਜਨਾ ਬਣਾਓ:**

- ਇਸ ਇਸਤੇਮਾਲ ਲਈ ਇਸਤੇਮਾਲ ਕਰਨ ਵਾਲਿਆਂ ਨੂੰ ਸਿਖਲਾਈ ਦਿਓ।
- ਜੇ ਸਮੱਗਰੀ ਕਾਰਬਾਮੇਟ ਜਾਂ ਆਰਗਨੋਫਾਸਫੇਟ ਹੈ, ਕਰਮਚਾਰੀ ਦੁਆਰਾ ਵਰਤੋਂ ਨੂੰ ਦਸਤਾਵੇਜ਼ਿਤ ਕਰੋ।
- ਕੀ ਖੂਨ ਦੀ ਜਾਂਚ ਸਮੇਤ, ਡਾਕਟਰੀ ਨਿਗਰਾਨੀ ਜ਼ਰੂਰੀ ਹੈ?
- ਜ਼ਰੂਰੀ PPE, ਅੱਖਾਂ ਧੋਣ ਵਾਲਾ ਪਦਾਰਥ ਅਤੇ ਕੀਟਾਣੂ-ਮੁਕਤ ਕਰਨ ਵਾਲੀਆਂ ਚੀਜ਼ਾਂ ਪ੍ਰਾਪਤ ਕਰੋ।
- ਨੇੜਲੀਆਂ ਸੰਵੇਦਨਸ਼ੀਲ ਥਾਵਾਂ (ਸਕੂਲ, ਰਿਹਾਇਸ਼ੀ ਖੇਤਰ, ਜਲ ਮਾਰਗ) ਦਾ ਮੁਲਾਂਕਣ ਕਰੋ।
- ਆਪਣੇ ਵਧੇਰੇ ਤਜ਼ਰਬੇਕਾਰ ਐਪਲੀਕੇਟਰਾਂ ਨੂੰ ਸੰਵੇਦਨਸ਼ੀਲ ਥਾਵਾਂ ਦੇ ਨੇੜੇ ਵਾਲੇ ਖੇਤਾਂ ਵਿੱਚ ਲਗਾਓ।
- ਸਮੱਸਿਆਵਾਂ ਤੋਂ ਬਚਣ ਲਈ ਆਪਣੇ ਇਸਤੇਮਾਲਾਂ ਦਾ ਸਮਾਂ ਨਿਰਧਾਰਤ ਕਰੋ।
- ਆਪਣੇ ਸਾਰੇ ਕਰਮਚਾਰੀਆਂ ਅਤੇ ਫਾਰਮ ਲੇਬਰ ਠੇਕੇਦਾਰ ਦੇ ਕਰਮਚਾਰੀਆਂ ਨੂੰ ਸੂਚਿਤ ਕਰੋ ਜਿਨ੍ਹਾਂ ਦੇ ਇਸਤੇਮਾਲ ਵਾਲੀ ਥਾਂ ਤੋਂ 1/4 ਮੀਲ ਦੇ ਅੰਦਰ ਹੋਣ ਦੀ ਸੰਭਾਵਨਾ ਹੈ।
- ਕੰਮ ਤੋਂ ਪਹਿਲਾਂ ਹਰ ਸਵੇਰ ਖੇਤ ਮਜ਼ਦੂਰ ਠੇਕੇਦਾਰਾਂ ਨਾਲ ਸੰਪਰਕ ਕਰੋ।
- ਵਰਕਰਾਂ ਨੂੰ ਦੱਸੋ ਅਤੇ ਜਾਣਕਾਰੀ ਨੂੰ ਕਿਸੇ ਕੇਂਦਰੀ ਸਥਾਨ 'ਤੇ ਪੋਸਟ ਕਰੋ।
- ਲੋੜ ਅਨੁਸਾਰ ਖੇਤ ਵਿੱਚ ਪੋਸਟਰ ਲਗਾਓ।
- ਇਸਤੇਮਾਲ ਦੇ ਉਪਕਰਨਾਂ ਨੂੰ ਕੈਲੀਬ੍ਰੇਟ ਕਰੋ ਅਤੇ ਲੀਕ ਹੋਣ ਵਾਲੀਆਂ ਨੋਜ਼ਲਾਂ ਦੀ ਜਾਂਚ ਕਰੋ। ਜੇ ਲੋੜ ਹੋਵੇ ਤਾਂ ਬੰਦ ਸਿਸਟਮ ਦੀ ਜਾਂਚ ਕਰੋ।
- ਗੈਰ-ਪ੍ਰਮਾਣਿਤ ਇਸਤੇਮਾਲ ਕਰਨ ਵਾਲਿਆਂ ਦੁਆਰਾ ਇਸਤੇਮਾਲਾਂ ਲਈ ਪ੍ਰਮਾਣਿਤ ਇਸਤੇਮਾਲ ਕਰਨ ਵਾਲੇ ਉਪਲਬਧ ਹੋਣੇ ਚਾਹੀਦੇ ਹਨ।
- ਖ਼ਤਰੇ ਦੇ ਲੇਬਲ ਵਾਲੀਆਂ ਸਮੱਗਰੀਆਂ ਲਈ ਦੂਜੇ ਵਿਅਕਤੀ ਦਾ ਪਹੁੰਚਯੋਗ ਹੋਣਾ ਚਾਹੀਦਾ ਹੈ।
- ਹਵਾ ਦੀਆਂ ਸਥਿਤੀਆਂ ਬਾਰੇ ਜਾਣੂ ਰਹੋ। ਕੋਈ ਵੀ ਹਰਕਤ ਨਾ ਹੋਣਾ, ਜੋ ਕਿ ਉਲਟੇ ਵਹਾਅ ਦਾ ਸੰਕੇਤ ਹੋ ਸਕਦਾ ਹੈ, ਅਤੇ ਬਹੁਤ ਜ਼ਿਆਦਾ ਹਵਾ ਚੱਲਣਾ, ਦੋਵਾਂ ਕਾਰਨ ਕੀਟਨਾਸ਼ਕਾਂ ਦੇ ਹਵਾ ਨਾਲ ਵਹਿਣ ਦਾ ਖ਼ਤਰਾ ਹੋ ਸਕਦਾ ਹੈ।

**ਜੇ ਕੈਲੀਫੋਰਨੀਆ ਪ੍ਰਤਿਬੰਧਿਤ ਸਮੱਗਰੀ ਵਰਤ ਰਹੇ ਹੋ:**

- ਕੀ ਇਹ San Joaquin ਕਾਉਂਟੀ ਲਈ ਤੁਹਾਡੇ ਮੌਜੂਦਾ ਪ੍ਰਤਿਬੰਧਿਤ ਸਮੱਗਰੀ ਪਰਮਿਟ ਵਿੱਚ ਸੂਚੀਬੱਧ ਹੈ?
- ਕੀ ਤੁਸੀਂ ਪ੍ਰਸਤਾਵਿਤ ਇਸਤੇਮਾਲ ਤੋਂ 24 ਘੰਟੇ (ਜਾਂ ਸਮੱਗਰੀ ਦੇ ਆਧਾਰ 'ਤੇ 48 ਘੰਟੇ) ਪਹਿਲਾਂ ਇਰਾਦੇ ਦਾ ਨੋਟਿਸ ਦਾਇਰ ਕੀਤਾ ਸੀ?
- ਕੀ ਕਿਸੇ ਇੰਸਪੈਕਟਰ ਨੇ ਇਰਾਦੇ ਦੇ ਨੋਟਿਸ ਨੂੰ ਮਨਜ਼ੂਰੀ ਦਿੱਤੀ ਸੀ?

ਕੀਟਨਾਸ਼ਕਾਂ ਦੀ ਵਰਤੋਂ ਨੂੰ ਸੇਧ ਦੇਣ ਵਾਲੇ ਵਿਨਿਯਮਾਂ ਦਾ ਢਾਂਚਾ ਗੁੰਝਲਦਾਰ ਹੈ ਪਰ ਟੀਚਾ ਸਿੱਧਾ ਹੈ: **ਗਲਤੀ ਨਾਲ ਸੰਪਰਕ ਤੋਂ ਬਚਣਾ।**

ਜ਼ਰੂਰੀ ਨਿੱਜੀ ਸੁਰੱਖਿਆ ਉਪਕਰਨ, ਅੱਖਾਂ ਧੋਣ ਵਾਲਾ ਪਦਾਰਥ, ਅਤੇ ਕੀਟਾਣੂ-ਮੁਕਤ ਕਰਨ ਵਾਲੀਆਂ ਚੀਜ਼ਾਂ ਪ੍ਰਾਪਤ ਕਰੋ।

**ਜੇ ਮਧੂ-ਮੱਖੀਆਂ ਲਈ ਜ਼ਹਿਰੀਲੀ ਸਮੱਗਰੀ ਵਰਤ ਰਹੇ ਹੋ:**

- ਕੀ ਤੁਸੀਂ ਆਪਣੀ ਸਾਈਟ ਦੇ ਨੇੜੇ ਛੱਤੇ ਵਾਲੇ ਮਧੂ-ਮੱਖੀ ਪਾਲਕਾਂ ਦੀ ਜਾਂਚ ਕਰਨ ਲਈ ਸਾਡੇ ਦਫ਼ਤਰ ਨੂੰ ਫ਼ੋਨ ਕੀਤਾ ਸੀ?
- ਕੀ ਇਸਤੇਮਾਲ ਵਾਲੀ ਥਾਂ 'ਤੇ ਫੁੱਲਾਂ ਵਾਲੇ ਪੌਦੇ ਮੌਜੂਦ ਹਨ?
- ਕੀ ਤੁਸੀਂ ਇਸਤੇਮਾਲ ਤੋਂ ਘੱਟੋ-ਘੱਟ 48 ਘੰਟੇ ਪਹਿਲਾਂ ਹਰੇਕ ਮਧੂ-ਮੱਖੀ ਪਾਲਕ ਨਾਲ ਸੰਪਰਕ ਕੀਤਾ ਸੀ?
- ਕੀ ਤੁਸੀਂ ਕਿਸੇ ਇਸਤੇਮਾਲ ਵਾਲੀ ਸਾਈਟ ਦੇ ਆਲੇ-ਦੁਆਲੇ ਮਧੂ-ਮੱਖੀਆਂ ਦੀ ਜਾਂਚ ਕਰਨ ਲਈ BeeWhere ਵੈੱਬਸਾਈਟ ਦੀ ਵਰਤੋਂ ਕੀਤੀ ਸੀ?

**ਮਿਲਾਉਣਾ ਅਤੇ ਲੋਡ ਕਰਨਾ**

- ਲੇਬਲ, ਵਿਨਿਯਮਾਂ, ਜਾਂ ਸਾਵਧਾਨੀ ਵਾਲੇ ਬਿਆਨਾਂ ਵਿੱਚ ਟ੍ਰਿੱਗਰ ਭਾਸ਼ਾ ਦੇ ਅਨੁਸਾਰ ਲੋੜ ਅਨੁਸਾਰ ਨਿੱਜੀ ਸੁਰੱਖਿਆ ਉਪਕਰਨ (PPE) ਅਤੇ ਇੱਕ ਬੰਦ ਪ੍ਰਣਾਲੀ ਦੀ ਵਰਤੋਂ ਕਰੋ। ਗਾੜ੍ਹੇ ਕੀਟਨਾਸ਼ਕਾਂ ਨਾਲ ਕੰਮ ਕਰਨਾ ਖ਼ਤਰਨਾਕ ਹੋ ਸਕਦਾ ਹੈ।
- ਸਟੀਕ ਮਾਪਣ ਵਾਲੇ ਯੰਤਰ ਦੀ ਵਰਤੋਂ ਕਰੋ ਅਤੇ ਲੇਬਲ ਦੀ ਪਾਲਣਾ ਕਰੋ। ਬਹੁਤ ਜ਼ਿਆਦਾ ਦਰ ਦੇ ਨਤੀਜੇ ਵਜੋਂ ਗੈਰ-ਕਾਨੂੰਨੀ ਰਹਿੰਦ-ਖੂੰਹਦ ਪੈਦਾ ਹੋ ਸਕਦੀ ਹੈ ਅਤੇ ਬਹੁਤ ਘੱਟ ਦਰ ਬੇਅਸਰ ਹੋ ਸਕਦੀ ਹੈ।
- ਕੰਟੇਨਰਾਂ ਦੇ ਖਾਲੀ ਹੋਣ 'ਤੇ ਉਨ੍ਹਾਂ ਨੂੰ ਤਿੰਨ ਵਾਰ ਹੰਘਾਲੋ ਅਤੇ ਉਨ੍ਹਾਂ ਵਿੱਚ ਛੇਕ ਕਰੋ ਤਾਂ ਜੋ ਉਨ੍ਹਾਂ ਨੂੰ ਦੁਬਾਰਾ ਵਰਤਿਆ ਨਾ ਜਾ ਸਕੇ। ਹੰਘਾਲਣ ਵਾਲੇ ਘੋਲ ਨੂੰ ਇਸਤੇਮਾਲ ਵਾਲੇ ਖੇਤਰ 'ਤੇ ਇਸਤੇਮਾਲ ਕਰੋ।

**ਇਸਤੇਮਾਲ ਕਰਨਾ**

- ਕੰਮ ਕਰਨ ਵਾਲੇ ਕਰਮਚਾਰੀਆਂ, ਮਧੂ-ਮੱਖੀਆਂ ਦੇ ਛੱਤਿਆਂ ਅਤੇ ਹੋਰ ਅਣਕਿਆਸੇ ਖ਼ਤਰਿਆਂ ਲਈ ਖੇਤਰ ਦੀ ਦੁਬਾਰਾ ਜਾਂਚ ਕਰੋ।
- ਇਹ ਯਕੀਨੀ ਬਣਾਓ ਕਿ ਕੀਟਨਾਸ਼ਕਾਂ ਨੂੰ ਸੰਭਾਲਣ ਵਾਲਿਆਂ ਨੇ ਨਿੱਜੀ ਸੁਰੱਖਿਆ ਉਪਕਰਨ ਸਹੀ ਢੰਗ ਨਾਲ ਪਹਿਨੇ ਹੋਏ ਹਨ।
- ਮੌਸਮ ਦਾ ਧਿਆਨ ਰੱਖੋ। ਲੋੜ ਅਨੁਸਾਰ ਇਸਤੇਮਾਲ ਨੂੰ ਵਿਵਸਥਿਤ ਕਰੋ ਜਾਂ ਬੰਦ ਕਰੋ।
- ਆਪਣੇ ਆਲੇ-ਦੁਆਲੇ ਦੀ ਲਗਾਤਾਰ ਨਿਗਰਾਨੀ ਕਰੋ। ਕਾਰਾਂ ਅਤੇ ਲੋਕ ਅਚਾਨਕ ਸਾਮ੍ਹਣੇ ਆ ਸਕਦੇ ਹਨ।

**ਇਸਤੇਮਾਲ ਤੋਂ ਬਾਅਦ**

- ਇਸਤੇਮਾਲ ਵਾਲੇ ਉਪਕਰਨ ਨੂੰ ਸਾਫ਼ ਕਰੋ।
- ਸਾਫ਼ ਕੀਤੇ ਕੰਟੇਨਰਾਂ ਨੂੰ ਕੀਟਨਾਸ਼ਕ ਸਟੋਰੇਜ ਖੇਤਰ ਵਿੱਚ ਵਾਪਸ ਭੇਜ ਦਿਓ।
- ਉਨ੍ਹਾਂ ਕਰਮਚਾਰੀਆਂ ਲਈ 24 ਘੰਟਿਆਂ ਦੇ ਅੰਦਰ ਇਸਤੇਮਾਲ-ਵਿਸ਼ੇਸ਼ ਜਾਣਕਾਰੀ ਪ੍ਰਦਰਸ਼ਿਤ ਕਰੋ ਜੋ ਇਲਾਜ ਕੀਤੇ ਖੇਤ ਦੇ 1/4 ਮੀਲ ਦੇ ਅੰਦਰ ਕੰਮ ਕਰਨਗੇ।
- ਪ੍ਰਤਿਬੰਧਿਤ ਦਾਖਲਾ ਅੰਤਰਾਲ (REI) ਦੀ ਮਿਆਦ ਸਮਾਪਤ ਹੋਣ ਤੋਂ 3 ਦਿਨਾਂ ਦੇ ਅੰਦਰ ਕਿਸੇ ਵੀ ਖੇਤ ਦੇ ਪੋਸਟਰਾਂ ਨੂੰ ਹਟਾ ਦਿਓ।
- ਅਗਲੇ ਮਹੀਨੇ ਦੀ 10 ਤਾਰੀਖ਼ ਤੋਂ ਪਹਿਲਾਂ ਐਗਰੀਕਲਚਰਲ ਕਮਿਸ਼ਨਰ ਦਫ਼ਤਰ ਨੂੰ ਕੀਟਨਾਸ਼ਕਾਂ ਦੀ ਵਰਤੋਂ ਦੀਆਂ ਰਿਪੋਰਟਾਂ ਜਮ੍ਹਾਂ ਕਰੋ।
- ਵਰਤੇ ਹੋਏ PPE ਨੂੰ ਲੋੜ ਅਨੁਸਾਰ ਸਾਫ਼ ਕਰੋ ਜਾਂ ਸੁੱਟ ਦਿਓ।

ਇਹ **ਯਕੀਨੀ ਬਣਾਓ** ਕਿ ਕੀਟਨਾਸ਼ਕਾਂ ਨੂੰ ਸੰਭਾਲਣ ਵਾਲਿਆਂ ਨੇ ਨਿੱਜੀ ਸੁਰੱਖਿਆ ਉਪਕਰਨ ਪਹਿਨੇ ਹੋਏ ਹਨ।

**ਡਿਸਪਲੇ**
ਇਸਤੇਮਾਲ- ਉਨ੍ਹਾਂ ਕਰਮਚਾਰੀਆਂ ਲਈ 24 ਘੰਟਿਆਂ ਦੇ ਅੰਦਰ ਖਾਸ ਜਾਣਕਾਰੀ ਜੋ ਇਲਾਜ ਕੀਤੇ ਖੇਤ ਦੇ 1/4 ਮੀਲ ਦੇ ਅੰਦਰ ਕੰਮ ਕਰਨਗੇ।

## ਲਾਗੂਕਰਨ ਪ੍ਰਤਿਕਿਰਿਆ ਨੀਤੀ ਵਿਨਿਯਮ

ਜਦੋਂ ਉਲੰਘਣਾ ਹੁੰਦੀ ਹੈ ਤਾਂ ਲਾਗੂਕਰਨ ਪ੍ਰਤਿਕਿਰਿਆ ਨੀਤੀ ਵਿਨਿਯਮ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਵਿਵੇਕ ਨੂੰ ਸੀਮਿਤ ਕਰਦੇ ਹਨ। ਵਿਨਿਯਮਾਂ ਦਾ ਟੀਚਾ ਜਨਤਕ ਸਿਹਤ, ਜਾਇਦਾਦ, ਕੀਟਨਾਸ਼ਕ ਕਰਮਚਾਰੀਆਂ ਦੀ ਸੁਰੱਖਿਆ ਅਤੇ ਕੈਲੀਫੋਰਨੀਆ ਦੇ ਵਾਤਾਵਰਣ ਦੀ ਰੱਖਿਆ ਕਰਦੇ ਹੋਏ ਪਾਲਣਾ ਨੂੰ ਵਧਾਉਣਾ ਹੈ।

San Joaquin ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਦਫ਼ਤਰ ਦਾ ਕੀਟਨਾਸ਼ਕ ਵਰਤੋਂ ਲਾਗੂਕਰਨ ਪ੍ਰੋਗਰਾਮ ਤਿੰਨ ਤੱਤਾਂ 'ਤੇ ਕੇਂਦ੍ਰਿਤ ਹੈ: ਸਿੱਖਿਆ, ਨਿਰੀਖਣ, ਅਤੇ ਲਾਗੂਕਰਨ।

### ਸਿੱਖਿਆ

ਲੋਕਾਂ ਤੱਕ ਪਹੁੰਚ ਮੁਹੱਈਆ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਕੀਟਨਾਸ਼ਕ ਵਰਤੋਂਕਾਰਾਂ ਨੂੰ ਵਿਨਿਯਮਾਂ ਦੀ ਜਾਣਕਾਰੀ ਹੈ:

- ਖੇਤੀਬਾੜੀ ਜੀਵ ਵਿਗਿਆਨੀ (ਇੱਕ-ਨਾਲ-ਇੱਕ ਸਿਖਲਾਈ);
- ਪਾਲਣਾ ਸਹਾਇਤਾ ਨਿਰੀਖਣ;
- ਸਾਲਾਨਾ ਨਿਰੰਤਰ ਸਿੱਖਿਆ ਮੀਟਿੰਗਾਂ;
- ਕੀਟਨਾਸ਼ਕ ਸਿਖਲਾਈ ਵਰਕਸ਼ਾਪਾਂ;
- ਇਹ ਕੀਟਨਾਸ਼ਕ ਸੰਬੰਧੀ ਸੁਰੱਖਿਆ ਬਾਰੇ ਕਿਤਾਬਚਾ;
- U.C. ਸਹਿਕਾਰੀ ਵਿਸਤਾਰ;
- DPR ਵੈੱਬਸਾਈਟ (www.cdpr.ca.gov)।

### ਨਿਰੀਖਣ

ਇਹ ਯਕੀਨੀ ਬਣਾਉਂਦੇ ਹਨ ਕਿ ਕੀਟਨਾਸ਼ਕ ਵਰਤੋਂਕਾਰ ਆਪਣੇ ਗਿਆਨ ਨੂੰ ਸਹੀ ਢੰਗ ਨਾਲ ਲਾਗੂ ਕਰਦੇ ਹਨ।

- ਸਾਰੀਆਂ ਗੈਰ-ਪਾਲਣਾ ਜਾਂ ਉਲੰਘਣਾਵਾਂ ਦਰਜ ਕੀਤੀਆਂ ਜਾਂਦੀਆਂ ਹਨ;
- ਇਸਤੇਮਾਲ ਕਰਨ ਵਾਲੇ/ਉਤਪਾਦਕ ਨੂੰ ਨਿਰੀਖਣ ਰਿਪੋਰਟ ਦੀ ਇੱਕ ਕਾਪੀ ਮਿਲਦੀ ਹੈ;
- ਪਾਲਣਾ ਨਾ ਕਰਨ ਜਾਂ ਉਲੰਘਣਾ ਕਰਨ 'ਤੇ ਅਕਸਰ ਲਾਗੂਕਰਨ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ।

### ਲਾਗੂਕਰਨ

ਇਹ ਵਿਨਿਯਮਾਂ ਦੀ ਪਾਲਣਾ ਨਾ ਕਰਨ ਦੇ ਨਤੀਜਿਆਂ ਦਾ ਸੈੱਟ ਮੁਹੱਈਆ ਕਰਦਾ ਹੈ।

- ਸਾਰੀਆਂ ਗੈਰ-ਪਾਲਣਾ ਜਾਂ ਉਲੰਘਣਾਵਾਂ 'ਤੇ ਲਾਗੂਕਰਨ ਸੇਧਾਂ ਅਨੁਸਾਰ ਪ੍ਰਕਿਰਿਆ ਕੀਤੀ ਜਾਂਦੀ ਹੈ;
- ਜੇ ਜੁਰਮਾਨਾ ਲਗਾਉਣ ਦੀ ਲੋੜ ਹੈ, ਤਾਂ ਇਸਤੇਮਾਲ ਕਰਨ ਵਾਲੇ/ਉਤਪਾਦਕ ਨੂੰ ਪ੍ਰਸਤਾਵਿਤ ਕਾਰਵਾਈ ਦੇ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ;
- ਫਿਰ ਜੁਰਮਾਨਾ ਅਦਾ ਕੀਤਾ ਜਾਂਦਾ ਹੈ ਜਾਂ ਸੁਣਵਾਈ ਦੀ ਬੇਨਤੀ ਕੀਤੀ ਜਾ ਸਕਦੀ ਹੈ;
- ਸੁਣਵਾਈ ਦੇ ਨਤੀਜੇ 'ਤੇ ਨਿਰਭਰ ਕਰਦੇ ਹੋਏ, ਅਪੀਲ ਕਰਨ ਦੇ ਅਧਿਕਾਰ ਹਨ।

## ਉਲੰਘਣਾਵਾਂ ਨਾਲ ਨਜਿੱਠਣ ਲਈ ਦੋ-ਪੜਾਵੀ ਪ੍ਰਕਿਰਿਆ

ਉਲੰਘਣਾ ਕਿਸੇ ਵੀ ਕਾਨੂੰਨ ਜਾਂ ਵਿਨਿਯਮ ਦੀ ਪਾਲਣਾ ਕਰਨ ਵਿੱਚ ਅਸਫਲਤਾ ਹੈ। ਹਰੇਕ ਉਲੰਘਣਾ ਨਾਲ ਨਜਿੱਠਣ ਲਈ ਇੱਕ ਦੋ-ਪੜਾਵੀ ਪ੍ਰਕਿਰਿਆ ਵਿਕਸਿਤ ਕੀਤੀ ਗਈ ਹੈ।

**ਲਾਗੂਕਰਨ ਵਿਨਿਯਮਾਂ ਅਨੁਸਾਰ ਉਲੰਘਣਾਵਾਂ ਲਈ ਜੁਰਮਾਨਿਆਂ ਦੀ ਵਰਤੋਂ ਦੀ ਲੋੜ ਹੁੰਦੀ ਹੈ ਅਤੇ ਇਹ ਕਾਉਂਟੀ ਐਗਰੀਕਲਚਰਲ ਕਮਿਸ਼ਨਰ ਦੇ ਵਿਵੇਕਾਧਿਕਾਰ ਨੂੰ ਸੀਮਿਤ ਕਰਦੇ ਹਨ।**

**ਕਦਮ ਇੱਕ:** ਉਲੰਘਣਾ ਦੀ ਕਿਸਮ ਨੂੰ ਖ਼ਤਰਾ, ਪ੍ਰਭਾਵ, ਜਾਂ ਗੈਰ-ਵਰਗੀਕ੍ਰਿਤ ਵਜੋਂ ਸ਼੍ਰੇਣੀਬੱਧ ਕਰੋ। ਗੈਰ-ਪਾਲਣਾ ਦੇ ਆਲੇ ਦੁਆਲੇ ਦੇ ਹਾਲਾਤਾਂ ਦੇ ਆਧਾਰ 'ਤੇ ਉਲੰਘਣਾ ਦੀ ਗੰਭੀਰਤਾ ਨੂੰ ਵਰਗੀਕ੍ਰਿਤ ਕੀਤਾ ਜਾਂਦਾ ਹੈ। ਉਲੰਘਣਾ ਦੁਆਰਾ ਸਿਹਤ, ਜਾਂ ਵਾਤਾਵਰਣ ਸੰਬੰਧੀ ਖ਼ਤਰਾ, ਜਾਂ ਪ੍ਰਭਾਵ ਪੈਦਾ ਕਰਨਾ, ਜਾਂ ਪੈਦਾ ਕਰਨ ਦੀ ਸੰਭਾਵਨਾ, ਅਤੇ ਇੱਥੋਂ ਤੱਕ ਕਿ ਪਿਛਲੀਆਂ ਉਲੰਘਣਾਵਾਂ, ਸਭ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

**ਕਦਮ ਦੋ:** ਉਲੰਘਣਾ ਦੀ ਗੰਭੀਰਤਾ ਅਤੇ ਪਿਛਲੇ ਪਾਲਣਾ ਇਤਿਹਾਸ ਦੇ ਆਧਾਰ 'ਤੇ, ਢੁਕਵੀਂ ਲਾਗੂਕਰਨ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ।

### 1) ਉਲੰਘਣਾ ਵਰਗੀਕਰਣ

**a) ਸ਼੍ਰੇਣੀ A**

ਸ਼੍ਰੇਣੀ A ਉਲੰਘਣਾਵਾਂ ਉਹ ਹਨ ਜੋ ਸਿਹਤ, ਜਾਇਦਾਦ, ਜਾਂ ਵਾਤਾਵਰਣ ਲਈ ਖ਼ਤਰਾ ਪੈਦਾ ਕਰਦੀਆਂ ਹਨ। ਇਸ ਵਿੱਚ ਅਜਿਹੇ ਕਾਨੂੰਨ ਜਾਂ ਵਿਨਿਯਮਾਂ ਦੀ ਉਲੰਘਣਾ ਵੀ ਸ਼ਾਮਲ ਹੈ ਜੋ ਸਿਹਤ, ਜਾਇਦਾਦ, ਜਾਂ ਵਾਤਾਵਰਣ ਲਈ ਮਾੜੇ ਪ੍ਰਭਾਵਾਂ ਦੇ ਜੋਖਮ ਨੂੰ ਘਟਾਉਂਦੀ ਹੈ।

*ਸ਼੍ਰੇਣੀ A ਦੀਆਂ ਉਦਾਹਰਨਾਂ:*

- ਕੀਟਨਾਸ਼ਕਾਂ ਦਾ ਹਵਾ ਨਾਲ ਵਹਾਅ;
- ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਦੀ ਪਾਲਣਾ ਨਾ ਕਰਨਾ ਜਿਸ ਦੇ ਨਤੀਜੇ ਵਜੋਂ ਸੱਟ ਲੱਗਦੀ ਹੈ;
- ਸ਼੍ਰੇਣੀ A ਉਲੰਘਣਾ ਲਈ ਜੁਰਮਾਨੇ □700 ਤੋਂ □15,000 ਤੱਕ ਹੋ ਸਕਦੇ ਹਨ ਜਦੋਂ ਤੱਕ ਕਿ ਲਾਗੂਕਰਨ ਦੀਆਂ ਕਾਰਵਾਈਆਂ ਦੇ ਹੋ ਵਿਕਲਪ ਨਹੀਂ ਲਏ ਜਾਂਦੇ।

**b) ਸ਼੍ਰੇਣੀ B**

ਸ਼੍ਰੇਣੀ B ਉਲੰਘਣਾਵਾਂ ਵਿੱਚ ਅਜਿਹੇ ਕਾਨੂੰਨ ਜਾਂ ਵਿਨਿਯਮ ਦੀ ਉਲੰਘਣਾ ਸ਼ਾਮਲ ਹੈ ਜੋ ਸਿਹਤ, ਜਾਇਦਾਦ, ਜਾਂ ਵਾਤਾਵਰਣ ਲਈ ਮਾੜੇ ਪ੍ਰਭਾਵਾਂ ਦੇ ਜੋਖਮ ਨੂੰ ਘਟਾਉਂਦਾ ਹੈ ਜਿਸਨੂੰ ਸ਼੍ਰੇਣੀ A ਵਜੋਂ ਮਨੋਨੀਤ ਨਹੀਂ ਕੀਤਾ ਗਿਆ ਹੈ।

*ਸ਼੍ਰੇਣੀ B ਦੀਆਂ ਉਦਾਹਰਨਾਂ:*

- ਖਰੀਦਣ ਅਤੇ ਵਰਤੋਂ ਤੋਂ ਪਹਿਲਾਂ ਪ੍ਰਤਿਬੰਧਿਤ ਸਮੱਗਰੀ ਪਰਮਿਟ ਪ੍ਰਾਪਤ ਕਰਨ ਵਿੱਚ ਅਸਫਲਤਾ ਜਾਂ ਸਮੇਂ ਸਿਰ NOI ਜਮ੍ਹਾ ਕਰਨ ਵਿੱਚ ਅਸਫਲਤਾ।
- ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਦੀ ਪਾਲਣਾ ਕਰਨ ਵਿੱਚ ਅਸਫਲਤਾ (ਉਦਾਹਰਨ ਵਜੋਂ, ਨਿੱਜੀ ਸੁਰੱਖਿਆ ਉਪਕਰਨ ਨਾ ਪਹਿਨਣਾ);
- ਇਲਾਜ ਕੀਤੇ ਖੇਤਾਂ ਵਿੱਚ ਪੋਸਟਰ ਲਗਾਉਣ ਵਿੱਚ ਅਸਫਲਤਾ;
- ਜੁਰਮਾਨੇ □250 ਤੋਂ □3,000 ਤੱਕ ਹੋ ਸਕਦੇ ਹਨ।

**C) ਸ਼੍ਰੇਣੀ C ਉਲੰਘਣਾਵਾਂ**

ਸ਼੍ਰੇਣੀ C ਅਜਿਹੇ ਕਾਨੂੰਨ ਜਾਂ ਵਿਨਿਯਮ ਦੀਆਂ ਉਲੰਘਣਾਵਾਂ ਹਨ ਜੋ ਸਿਹਤ, ਜਾਇਦਾਦ ਜਾਂ ਵਾਤਾਵਰਣ ਲਈ ਮਾੜੇ ਪ੍ਰਭਾਵ ਦੇ ਜੋਖਮ ਨੂੰ ਘੱਟ ਨਹੀਂ ਕਰਦੇ।

*ਸ਼੍ਰੇਣੀ C ਦੀਆਂ ਉਦਾਹਰਨਾਂ:*

- ਐਗਰੀਕਲਚਰਲ ਕਮਿਸ਼ਨਰ ਨੂੰ ਕੀਟਨਾਸ਼ਕ ਵਰਤੋਂ ਦੀਆਂ ਰਿਪੋਰਟਾਂ ਜਮ੍ਹਾਂ ਕਰਵਾਉਣ ਵਿੱਚ ਅਸਫਲਤਾ।
- ਜੁਰਮਾਨਾ ਸੀਮਾ 50 ਤੋਂ 400 ਹੈ।

## 2) ਕਾਰਵਾਈ ਨਿਰਧਾਰਤ ਕਰਨਾ

ਇੱਕ ਵਾਰ ਉਲੰਘਣਾ ਨੂੰ ਸ਼੍ਰੇਣੀਬੱਧ ਕਰਨ ਤੋਂ ਬਾਅਦ, ਦੋ ਤਰ੍ਹਾਂ ਦੀਆਂ ਕਾਰਵਾਈਆਂ ਹਨ ਜੋ ਐਗਰੀਕਲਚਰਲ ਕਮਿਸ਼ਨਰ ਕਰ ਸਕਦਾ ਹੈ: ਉਲੰਘਣਾ ਦੀ ਗੰਭੀਰਤਾ ਅਤੇ ਪਿਛਲੇ ਪਾਲਣਾ ਇਤਿਹਾਸ 'ਤੇ ਨਿਰਭਰ ਕਰਦੇ ਹੋਏ, ਲਾਗੂਕਰਨ ਕਾਰਵਾਈ ਜਾਂ ਪਾਲਣਾ ਕਾਰਵਾਈ। ਲਾਗੂਕਰਨ ਪ੍ਰਤਿਕਿਰਿਆ ਦੀ ਕਿਸਮ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਵਿੱਚ ਸ਼ਾਮਲ ਹਨ:

- ਉਲੰਘਣਾ ਦੀ ਗੰਭੀਰਤਾ।
- ਦੁਹਰਾਈਆਂ ਗਈਆਂ ਉਲੰਘਣਾਵਾਂ।

ਇਸ 'ਤੇ ਵੀ ਵਿਚਾਰ ਕੀਤਾ ਜਾਂਦਾ ਹੈ ਕਿ ਉਲੰਘਣਾਵਾਂ ਨੂੰ ਰੋਕਣ ਜਾਂ ਘਟਾਉਣ ਲਈ ਰੁਜ਼ਗਾਰਦਾਤਾ ਕੋਲ ਕਿਹੜੇ ਪ੍ਰੋਗਰਾਮ ਅਤੇ ਅਭਿਆਸ ਹਨ।

### ਲਾਗੂਕਰਨ ਕਾਰਵਾਈਆਂ

ਲਾਗੂਕਰਨ ਕਾਰਵਾਈ ਅਕਸਰ ਜ਼ਿੰਮੇਵਾਰ ਧਿਰ ਵਿਰੁੱਧ ਪ੍ਰਸ਼ਾਸਕੀ ਦਿਵਾਨੀ ਹਰਜਾਨੇ ਜਾਂ ਜੁਰਮਾਨੇ ਦੀ ਕਾਰਵਾਈ ਦੇ ਰੂਪ ਵਿੱਚ ਆਵੇਗੀ। ਹੋਰ ਵਿਕਲਪ ਉਤਪਾਦਕ ਦਾ ਪਰਮਿਟ ਜਾਂ ਨਿੱਜੀ ਇਸਤੇਮਾਲ ਕਰਨ ਵਾਲੇ ਦਾ ਸਰਟੀਫਿਕੇਟ ਰੱਦ ਕਰਨਾ ਹੋ ਸਕਦਾ ਹੈ। ਵਧੇਰੇ ਗੰਭੀਰ ਹਾਲਾਤਾਂ ਵਿੱਚ ਡਿਸਟ੍ਰਿਕਟ ਅਟਾਰਨੀ ਸ਼ਾਮਲ ਹੋ ਸਕਦਾ ਹੈ।

### ਪਾਲਣਾ ਕਾਰਵਾਈ

ਪਾਲਣਾ ਕਾਰਵਾਈਆਂ ਦੰਡਕਾਰੀ ਪ੍ਰਕਿਰਤੀ ਦੀਆਂ ਨਹੀਂ ਹੁੰਦੀਆਂ ਅਤੇ ਇਨ੍ਹਾਂ ਵਿੱਚ ਚੇਤਾਵਨੀ ਪੱਤਰ, ਗੈਰ-ਪਾਲਣਾ ਨੋਟ ਵਾਲੇ ਨਿਰੀਖਣ ਫਾਰਮ ਜਾਂ ਉਲੰਘਣਾ ਦਾ ਨੋਟਿਸ ਸ਼ਾਮਲ ਹੋ ਸਕਦਾ ਹੈ। ਰਿਕਾਰਡ ਕੀਤੀ ਜਾਣ ਵਾਲੀ ਪਾਲਣਾ ਇੰਟਰਵਿਊ ਕੀਤੀ ਜਾਂਦੀ ਹੈ ਜਿੱਥੇ ਐਗਰੀਕਲਚਰਲ ਕਮਿਸ਼ਨਰ ਅਤੇ ਜ਼ਿੰਮੇਵਾਰ ਧਿਰ ਵਿਚਕਾਰ ਉਲੰਘਣਾਵਾਂ ਬਾਰੇ ਚਰਚਾ ਕੀਤੀ ਜਾਂਦੀ ਹੈ। ਭਵਿੱਖ ਵਿੱਚ ਘਟਨਾਵਾਂ ਦੇ ਵਾਪਰਨ ਨੂੰ ਰੋਕਣ ਲਈ ਅਪਣਾਏ ਜਾਣ ਵਾਲੇ ਘਟਾਉਣ ਦੇ ਉਪਾਵਾਂ 'ਤੇ ਇੱਕ ਸਮਝੌਤਾ ਕੀਤਾ ਜਾਂਦਾ ਹੈ। ਨਤੀਜੇ ਦੀ ਅਧਿਕਾਰਤ ਵਿਆਖਿਆ ਦੇ ਨਾਲ ਇੱਕ ਫੈਸਲਾ ਰਿਪੋਰਟ ਲਿਖੀ ਜਾਂਦੀ ਹੈ ਅਤੇ ਡਿਪਾਰਟਮੈਂਟ ਔਫ਼ ਪੈਸਟੀਸਾਇਡ ਰੈਗੂਲੇਸ਼ਨ ਕੋਲ ਜਮ੍ਹਾ ਕੀਤੀ ਜਾਂਦੀ ਹੈ।

### ਫੈਸਲਾ ਰਿਪੋਰਟ

ਜਦੋਂ ਲਾਗੂਕਰਨ ਕਾਰਵਾਈ ਦੀ ਬਜਾਏ ਪਾਲਣਾ ਕਾਰਵਾਈ ਕੀਤੀ ਜਾਂਦੀ ਹੈ ਤਾਂ ਐਗਰੀਕਲਚਰਲ ਕਮਿਸ਼ਨਰ ਨੂੰ ਇੱਕ ਫੈਸਲਾ ਰਿਪੋਰਟ ਲਿਖਣ ਦਿ ਲੋੜ ਹੁੰਦੀ ਹੈ। ਇਹ ਅਧਿਕਾਰਤ ਵਿਆਖਿਆ ਅਤੇ ਐਗਰੀਕਲਚਰਲ ਕਮਿਸ਼ਨਰ ਦੇ ਫੈਸਲੇ ਦਾ ਰਿਕਾਰਡ ਹੁੰਦਾ ਹੈ। ਇਹ ਰਿਪੋਰਟ ਸ਼ੁਰੂਆਤੀ ਉਲੰਘਣਾ ਦੇ 60 ਦਿਨਾਂ ਦੇ ਅੰਦਰ ਕੈਲੀਫੋਰਨੀਆ ਡਿਪਾਰਟਮੈਂਟ ਆਫ ਪੈਸਟੀਸਾਈਡ ਰੈਗੂਲੇਸ਼ਨ ਦੇ ਡਾਇਰੈਕਟਰ ਕੋਲ ਜਮ੍ਹਾਂ ਕਰਵਾਈ ਜਾਂਦੀ ਹੈ। ਜੇ ਡਾਇਰੈਕਟਰ ਫੈਸਲੇ ਨਾਲ ਸਹਿਮਤ ਨਹੀਂ ਹੈ, ਤਾਂ ਐਗਰੀਕਲਚਰਲ ਕਮਿਸ਼ਨਰ ਨੂੰ 30 ਦਿਨਾਂ ਦੇ ਅੰਦਰ ਨਾਮਨਜ਼ੂਰੀ ਦੇ ਕਾਰਨਾਂ ਦੇ ਨਾਲ ਸੂਚਿਤ ਕੀਤਾ ਜਾਵੇਗਾ ਅਤੇ ਉਸ ਤੋਂ ਬਾਅਦ ਲਾਗੂਕਰਨ ਕਾਰਵਾਈ ਕੀਤੀ ਜਾਵੇਗੀ।

### ਘਟਨਾ

ਅਜਿਹਾ ਵਰਤਾਰਾ ਜਦੋਂ ਇੱਕ ਜਾਂ ਵੱਧ ਉਲੰਘਣਾਵਾਂ (ਗੈਰ-ਪਾਲਣਾ) ਦਾ ਪਤਾ ਲੱਗਦਾ ਹੈ। ਕੋਈ ਘਟਨਾ ਕਿਸੇ ਨਿਯਮਿਤ ਨਿਰੀਖਣ ਜਾਂ ਆਡਿਟ ਤੱਕ ਸੀਮਿਤ ਹੋ ਸਕਦੀ ਹੈ। ਇਸ ਵਿੱਚ ਕਈ ਨਿਰੀਖਣ ਸ਼ਾਮਲ ਹੋ ਸਕਦੇ ਹਨ। ਇਹ ਕੀਟਨਾਸ਼ਕ ਦੀ ਘਟਨਾ ਨਾਲ ਸੰਬੰਧਿਤ ਨਿਰੀਖਣ ਜਾਂ ਫਾਲੋ-ਅੱਪ ਗਤੀਵਿਧੀਆਂ ਦਾ ਸੁਮੇਲ ਹੋ ਸਕਦਾ ਹੈ।

### ਬਾਅਦ ਵਾਲੀ ਘਟਨਾ

ਬਾਅਦ ਵਾਲੀ ਘਟਨਾ ਅਜਿਹੀ ਘਟਨਾ ਹੁੰਦੀ ਹੈ ਜੋ ਪਿਛਲੀ, ਵੱਖਰੀ ਘਟਨਾ ਦੇ ਦੋ ਸਾਲਾਂ ਦੇ ਅੰਦਰ ਵਾਪਰਦੀ ਹੈ। "ਬਾਅਦ ਵਾਲੀ ਘਟਨਾ" ਨੂੰ "ਦੁਹਰਾਈ ਗਈ ਉਲੰਘਣਾ" ਨਹੀਂ ਸਮਝਿਆ ਜਾਣਾ ਚਾਹੀਦਾ, ਜੋ ਕਿ ਸਹੀ ਜੁਰਮਾਨਾ ਪੱਧਰ ਨਿਰਧਾਰਤ ਕਰਨ ਵੇਲੇ ਵਿਚਾਰਿਆ ਜਾਂਦਾ ਇੱਕ ਸਿਧਾਂਤ ਹੈ।

### ਦੁਹਰਾਈ ਗਈ ਉਲੰਘਣਾ

ਜੇ ਜਵਾਬਦੇਹ ਨੇ ਮੌਜੂਦਾ ਪ੍ਰਸਤਾਵਿਤ ਜੁਰਮਾਨਾ ਕਾਰਵਾਈ ਦੇ ਦੋ ਸਾਲਾਂ ਦੇ ਅੰਦਰ, ਮੌਜੂਦਾ ਉਲੰਘਣਾ ਵਾਲੀ ਜੁਰਮਾਨਾ ਸ਼੍ਰੇਣੀ (A, B, ਜਾਂ C) ਵਿੱਚ ਹੀ ਪਹਿਲਾਂ ਉਲੰਘਣਾ ਕੀਤੀ ਸੀ ਅਤੇ ਉਸ ਉਲੰਘਣਾ ਲਈ ਇੱਕ ਪ੍ਰਸ਼ਾਸਕੀ ਦਿਵਾਨੀ ਜੁਰਮਾਨਾ (ਜੁਰਮਾਨਾ) ਲਗਾਇਆ ਗਿਆ ਸੀ, ਤਾਂ ਉਸ ਪ੍ਰਤਿਵਾਦੀ ਲਈ ਉਲੰਘਣਾ ਨੂੰ "ਦੁਹਰਾਈ ਗਈ ਉਲੰਘਣਾ" ਮੰਨਿਆ ਜਾਵੇਗਾ ਜਿਸ ਵਿਰੁੱਧ ਜੁਰਮਾਨਾ ਕਾਰਵਾਈ ਪ੍ਰਸਤਾਵਿਤ ਕੀਤੀ ਗਈ ਹੈ।

ਉਲੰਘਣਾ 'ਤੇ ਕਾਰਵਾਈ ਜਾਂ ਤਾਂ ਲਾਗੂਕਰਨ ਜਾਂ ਪਾਲਣਾ ਹੋ ਸਕਦੀ ਹੈ, ਜੋ ਕਿ ਉਸ ਉਲੰਘਣਾ ਦੀ ਗੰਭੀਰਤਾ ਅਤੇ ਪਿਛਲੇ ਪਾਲਣਾ ਇਤਿਹਾਸ 'ਤੇ ਨਿਰਭਰ ਕਰਦਾ ਹੈ।

ਗੰਭੀਰ ਉਲੰਘਣਾਵਾਂ 'ਤੇ ਪ੍ਰਤੀ ਉਲੰਘਣਾ 5,000 ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ